
1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 21

੨ ਤੋਂ ੧੭ ਪੋਹ ੨੦੮੨ ਬਿ.
16 to 31 December 2025


# ਸਤਿ ਜੁਗ









10/-

# ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

23-24.11.2025, ਦਿੱਲੀ












# ਸਤਿਜੁਗ


੨ ਤੋਂ ੧੭ ਪੋਹ ੨੦੮੨ ਬਿ.
16 ਤੋਂ 31 ਦਸੰਬਰ 2025 ਈ.
ਜਿਲਦ 105, ਨੰਬਰ 21



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ............................................6
* ਗੁਰੂ ਗੋਬਿੰਦ ਸਿੰਘ: ਕੁਰਬਾਨੀ ਦੇ ਪੁੰਜ
ਅਵਤਾਰ ਕੌਰ ਜਵੰਦਾ.................................8
* ਮਲੇਰਕੋਟਲਾ ਦੀਆਂ ਕੂਕਾ ਸ਼ਹਾਦਤਾਂ ਬਾਰੇ ਅੰਗਰੇਜ਼ੀ ਅਖ਼ਬਾਰਾਂ ਦਾ ਪੱਖ
ਖਲੀਲ ਖਾਨ.........................................11
* ਜੜ੍ਹਾਂ
ਕਿਰਪਾਲ ਕਜ਼ਾਕ.....................................17
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ..............................21
* ਅੱਖੀਂ ਡਿੱਠਾ ਕਿੱਸਾ ਕੀਤਾ
ਸੰਪਾ: ਸੁਵਰਨ ਸਿੰਘ ਵਿਰਕ..........................24
* God and the Good or Bad (Part 1)
Alla Singh....................................................27
* MURDER OFBEEF BUTCHERS BY KUKAS
Dr. Gurdev Singh Sidhu..................................31
* ਕਾਵਿ – ਕਿਆਰੀ.........................................................35
* ਖ਼ਬਰਨਾਮਾ...................................................36



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਰਬਾਬ ਨਾਲ ਨਗਾਰਾ ਤਾਲ ਦੇ ਰਿਹਾ ਸੀ। ਨਿਰਭਉ ਨਿਰਵੈਰ ਦਾ ਸੰਕਲਪ ਹਰ ਆਮ-ਖਾਸ ਪੰਜਾਬੀ ਨੂੰ ਟੁੰਬਣ ਲੱਗਾ। ਇਕ ਦਿਨ ਭਰੇ ਦੀਵਾਨ ਚੰਡੀ ਚਮਕੀ, ਗੁਰੂ ਗੋਬਿੰਦ ਰਾਇ ਦੇ ਬੋਲ ਸੀ ਕਿੰਨ੍ਹਾਂ ਸਮਾਂ ਅਸੀਂ ਗੈਰ ਦੀਆਂ ਵਧੀਕੀਆਂ ਸਹਿੰਦੇ ਰਹਾਂਗੇ। ਕਿਨ੍ਹਾਂ ਸਮਾਂ ਸਾਡੀ ਨੈਤਿਕਤਾ ਬਸ ਜੀ ਹਜ਼ੂਰੀ ਵਾਲੀ ਰਹੇਗੀ, ਆਖਰ ਤਾਂ ਇਸ ਯੁੱਗ ਦਾ ਅੰਤ ਕਰਨਾ ਪਵੇਗਾ। ਨਿੱਤਰ ਆਏ ਪੰਜ ਸੂਰਬੀਰ, ਆਪਾ ਸਮਰਪਣ ਕੀਤਾ, ਗੁਰੂ ਜੀ ਨੇ ਨਵੀਂ ਪਹਿਚਾਣ ਦਿੱਤੀ। ਕਰਮਕਾਂਡੀ ਬੋਝ, ਊਚ ਨੀਚਤਾ ਵਾਲੀ ਦ੍ਰਿਸ਼ਟੀ ਅਤੇ ਰੰਗ-ਜਾਤ ਦੇ ਬੰਧਨਾ ਤੋਂ ਪੂਰਨ ਆਜ਼ਾਦ ਕਰ ਦਿੱਤਾ। ਗੁਰੂ ਜੀ ਨੇ ਭਰੇ ਦੀਵਾਨ 'ਚ ਕਿਹਾ-

ਖਾਲਸਾ ਅਕਾਲ ਪੁਰਖ ਕੀ ਫੌਜ
ਪ੍ਰਗਟਿਓ ਖਾਲਸਾ ਪ੍ਰਮਾਤਮਾ ਕੀ ਮੌਜ
ਜਬ ਲਗ ਖਾਲਸਾ ਰਹੇ ਨਿਆਰਾ
ਤਬ ਲਗ ਤੇਜ ਦੀਉ ਮੈਂ ਸਾਰਾ
ਜਬ ਇਹ ਗਹੈ ਬਿਪਰਨ ਕੀ ਰੀਤ
ਮੈਂ ਨ ਕਰੋਂ ਇਨ ਕੀ ਪਰਤੀਤ

ਖਾਲਸੇ ਲਈ ਇਹ ਪੱਕਾ ਕੀਤਾ ਕਿ ਉਹ ਪਾਂਡਿਆ, ਪੁਜਾਰੀਆਂ, ਮਹੰਤਾ ਦੀਆਂ ਬਣਾਈਆਂ ਮਰਿਆਦਾਵਾਂ ਦਾ ਕਦੇ ਧਾਰਨੀ ਨਾ ਹੋਵੇ। ਆਪਣਾ ਨਿਆਰਾ ਪਣ ਸਦਾ ਕਾਇਮ ਰੱਖੇ। ਖੁਸ਼ਵੰਤ ਸਿੰਘ ਲਿਖਦਾ ਹੈ-

"ਅੰਮ੍ਰਿਤ ਪੁਨਰ ਜਨਮ ਦਾ ਚਿੰਨ੍ਹ ਸੀ, ਜਿਸ ਨਾਲ ਅੰਮ੍ਰਿਤਧਾਰੀ ਆਪਣੇ ਪਹਿਲੇ ਕਿੱਤਿਆਂ ਦਾ ਤਿਆਗ ਕਰਦੇ ਹਨ।"

ਪੰਜਾਬ ਦੇ ਆਮ ਲੋਕਾਂ ਨੂੰ ਮਹਜਬੀ ਕਰੂਰਤਾ ਅਤੇ ਝੂਠੇ ਕਰਮ ਕਾਡਾਂ ਤੋਂ ਨਿਜਾਤ ਦਿਵਾਈ। ਦੌਲਤ ਰਾਏ ਕਹਿੰਦਾ ਹੈ ਇਸ ਜਬਰ ਦਸਤ ਖ਼ੂਬੀ ਤੋਂ ਕਿਵੇਂ ਇਨਰਾਰ ਹੋ ਸਕਦਾ ਹੈ ਕਿ ਖਾਲਸਾ ਧਰਮ ਨੇ ਉਨ੍ਹਾਂ ਜਾਤਾਂ ਨੂੰ ਆਪਣੇ ਵੱਲ ਮਿਕਨਾਤੀਸ ਵਾਂਗ ਖਿਚਿਆ ਜਿਨ੍ਹਾਂ ਨੂੰ ਕਦੇ ਕਿਸੇ ਵਲੋਂ ਕੰਮ ਵਿਚ ਲਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਗਈ ਸੀ ਅਤੇ ਉਨ੍ਹਾਂ ਜਾਤਾਂ ਦੇ ਬੰਦੇ ਗੁਲਾਮੀ ਲਈ ਹੀ ਪੈਦਾ ਹੋਏ ਸਮਝੇ ਜਾਂਦੇ ਸਨ।

ਇਨ ਗਰੀਬ ਸਿਖਨ ਕੋ ਦੈਂ ਬਾਦਸ਼ਾਹੀ  
ਯਹ ਯਾਦ ਰਖਹਿੰ ਹਮਰੀ ਗੁਰਿਆਈ।  
ਸ੍ਰੀ ਮੁੱਖ ਤੇ ਕਹਿ ਪੁਨ ਸਮਝਾਯੋ  
ਹਮ ਨੇ ਉਤਮ ਪੰਥ ਚਲਾਯੋ।

ਪ੍ਰਾਚੀਨ ਪੰਥ ਪ੍ਰਕਾਸ਼

ਲੋਕ ਪ੍ਰਲੋਕ ਵਿਖੇ ਸੁਖਦਾਇਕ ਰਾਜ ਤੇਜ ਜੁਤਿ ਹਵੈ ਰਿਧ ਘਾਇਕ॥  
ਤਿਸ ਜਹਾਜ ਪਰ ਚਢਹਿ ਜੁ ਆਇ ਕੀਟੀ ਤੇ ਗਯੰਦ ਬਨਿ ਜਾਇ॥  
ਜੋ ਸਯਾਲ ਸਮ ਸਭ ਤੇ ਡਰੇ, ਬਨੈ ਸਿੰਘ, ਸਿੰਘ ਨਾਮ ਜੁ ਧਰੇ॥

ਸੂਰਜ ਪ੍ਰਕਾਸ਼

ਪੰਡਿਤ ਨੇ ਸਮਾਜ ਨੂੰ ਸਮਝਾਇਆ ਸੀ ਕਿ ਸਾਨੂੰ ਦਾਨ ਦੇਣ ਨਾਲ ਫਲੀਭੂਤ ਹੁੰਦਾ ਹੈ 'ਤੇ ਪੁੰਨ ਲਗਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਇਨ੍ਹਾਂ ਜਾਤ ਅਭਿਮਾਨਿਆਂ ਪੰਡਤਾਂ ਨੂੰ ਦਾਨ ਦੇਣ ਦੀ ਲੋੜ ਨਹੀਂ ਤੁਸੀਂ ਜੇ ਦਿੱਤਾ ਸਫਲ ਕਰਨਾ ਹੈ ਤਾਂ ਖਾਲਸੇ ਨੂੰ ਦੇਵੋ।

ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀ ਕੋ॥  
ਦਾਨ ਦੀਯੋ ਇਨਹੀ ਕੋ ਭਲੋ ਅਰੁ ਆਨ ਕਉ ਦਾਨ ਨਾ ਲਾਗਤ ਨੀਕੋ॥  
ਆਗੈ ਫਲੈ ਇਨਹੀ ਕੋ ਦੀਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥  
ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲੌ ਧਨ ਹੈ ਸਭ ਹੀ ਇਨ ਹੀ ਕੋ॥

ਖਾਲਸੇ ਨੇ ਤਲਵਾਰ ਨਾਲ ਪੰਜਾਬ ਦੀ ਤਕਦੀਰ ਲਿਖਣੀ ਆਰੰਭ ਕੀਤੀ। ਚਮਕੌਰ, ਸਰਹਿੰਦ, ਮਾਛੀਵਾੜੇ ਤੇ ਲੱਖੀ ਜੰਗਲ ਜਿੰਦਗੀ ਦੇ ਉਹ ਪੜਾਅ ਹਨ ਜੋ ਹਰ ਕ੍ਰਾਂਤੀਕਾਰੀ ਨੂੰ ਵੱਖ-ਵੱਖ ਰੂਪ ਵਿਚ ਵੇਖਣੇ ਜਾਂ ਝਲਣੇ ਪੈਂਦੇ ਹਨ। ਕਚੀਆਂ ਗੜੀਆਂ ਅਤੇ ਸਰਹਿੰਦ ਦੀਆਂ ਨੀਹਾਂ ਸਾਡੇ ਲਈ ਚਾਨਣ ਮੁਨਾਰਾ ਹਨ ਜਿਸ ਨੂੰ ਯਾਦ ਕਰ ਵੱਡੀਆਂ ਵੱਡੀਆਂ ਮੁਹਿੰਮਾ ਵਿਚ ਫਤਹਿ ਹਾਸਲ ਹੋਈ। ਮੈਕਾਲਫ਼ ਕਹਿੰਦਾ ਸੀ "ਗੁਰੂ ਨੇ ਆਪਣੀ ਜਾਦੂਈ ਸ਼ਕਤੀ ਨਾਲ ਲਿਤਾੜੇ ਤੇ ਛੇਕੇ ਹੋਏ ਲੋਕਾਂ ਨੂੰ ਯੋਧੇ ਅਤੇ ਬਹਾਦਰ ਬਣਾਇਆ।" ਅਸਰਾਰਿ ਸਮਦੀ ਦਾ ਲਿਖਾਰੀ ਜੋ ਗੁਰੂ ਜੀ ਦਾ ਸਮਕਾਲੀ ਹੈ ਲਿਖਦਾ ਹੈ ਕਿ "ਸਿੱਖਾਂ ਨੂੰ ਕੋਈ ਹਰਾ ਨਹੀਂ ਸਕਦਾ, ਕਿਉਂਕਿ ਇਨ੍ਹਾਂ ਪਾਸ ਦੋ ਵਸਤੂਆਂ ਦੇਗ ਤੇ ਤੇਗ ਹਨ। ਦੇਗ ਖ਼ਿਮਾ 'ਤੇ ਖੁੱਲ੍ਹ ਦਾ ਚਿੰਨ੍ਹ ਹੈ 'ਤੇ ਤੇਗ ਪ੍ਰਭੂ ਵੱਲੋਂ ਬਖ਼ਸ਼ੀ ਤਾਕਤ ਹੋਣ ਦੀ।"

ਸਮਕਾਲ 'ਚ ਦਰਪੇਸ਼ ਚੁਣੌਤੀਆਂ ਨੂੰ ਪੰਜਾਬੀ ਗੁਰੂ ਜੀ ਦੇ ਸਿਰਜੇ ਇਤਿਹਾਸ ਦੀ ਲੋਹ ਹੇਠ ਸਰ ਕਰਣਗੇ। ਇਹ ਲਾਸਾਨੀ ਇਤਿਹਾਸ ਸਾਨੂੰ ਹਿੰਮਤ, ਸ੍ਵੈਮਾਨ ਅਤੇ ਬਹਾਦਰੀ ਸਿਖਾਉਂਦਾ ਹੈ ਅਤੇ ਹਰ ਦੁੱਖ ਨੂੰ ਜਰ ਜਾਣ ਦੀ ਸ਼ਕਤੀ ਪ੍ਰਦਾਨ ਕਰਦਾ ਹੈ।

..................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਮਹਲਾ ੨ ॥**
2nd Guru

**ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥**
ਹਉਮੈ ਦਾ ਇਹ ਲੱਛਣ ਹੈ ਕਿ
ਆਪਣੀ ਵੱਖਰੀ ਹੋਂਦ ਕਾਇਮ ਕਰਨ ਲਈ ਮਨੁੱਖ ਹੰਕਾਰ ਵਿੱਚ ਹੀ ਕਰਮ ਕਰਦਾ ਹੈ।
Ego has a unique characteristic;
that it induces a human to work for one's self-esteem

**ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥**
ਪ੍ਰਭੂ ਤੋਂ ਵੱਖਰੀ ਹੋਂਦ ਸਮਝਣ ਦਾ ਭਰਮ ਹੀ ਇਸ ਨੂੰ ਬੰਧਨਾਂ ਵਿਚ ਪਾ ਕੇ ਜੂਨਾਂ ਵਿੱਚ ਤੋਰੀ ਫਿਰਦਾ ਹੈ।
It is due to ego that one is bound and is born repeatedly.

**ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥**
ਹਉਮੈਂ ਕਿੱਥੋਂ ਪੈਦਾ ਹੁੰਦੀ ਹੈ?
ਅਤੇ ਇਹ ਕਿਸ ਤਰੀਕੇ ਨਾਲ ਜਾਂਦੀ ਹੈ?
Where does ego stem from? By which efforts can it be gotten rid of?

**ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥**
ਹਉਮੈ ਵਿੱਚ ਪਏ ਹੁਕਮਰਾਨ ਅਤੇ
ਕਿਰਤੀ ਆਪੋ-ਆਪਣੇ ਧੰਧਿਆਂ ਵਿੱਚ ਰੁੱਝੇ ਹਨ।
It is by the command of God that ego makes people wander in accordance
with their previous deeds.

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**
ਹੰਕਾਰ ਹੀ ਵੱਡਾ ਰੋਗ ਹੈ
ਅਤੇ ਇਲਾਜ ਵੀ ਇਸਦਾ ਏਸੇ ਵਿੱਚ ਲੁਕਿਆ ਹੋਇਆ ਹੈ।
Ego is a chronic illness,
the cure is contained within ego too.

**ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥**
ਜੇ ਪ੍ਰਭੂ ਦੀ ਨਜ਼ਰ ਸਵੱਲੀ ਹੋ ਜਾਵੇ, ਬ੍ਰਹਮ ਆਪਣੀ ਮਿਹਰ ਕਰ ਦੇਵੇ
ਤਾਂ ਜੀਵ ਗੁਰੂ ਦਾ ਸ਼ਬਦ ਕਮਾਉਣ ਲੱਗ ਜਾਂਦਾ ਹੈ।
If God blesses, then one can meditate upon the Guru's word

**ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਹੇ ਜਨੋਂ ਸੁਣੋ!
ਇਸ ਤਰੀਕੇ ਨਾਲ ਹਉਮੈ ਦਾ ਦੁੱਖ ਦੂਰ ਹੋ ਜਾਂਦਾ ਹੈ॥2॥
Sri Guru Ji says: Listen O Mortal! With this effort,
the agony of ego is gotten rid of.

**ਪਉੜੀ ॥**

Stanza

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥**

ਜਿਹੜੇ ਸੰਤੋਖੀ ਪੁਰਖ ਸੱਚੇ ਪ੍ਰਭੂ ਨੂੰ ਸਿਮਰ ਕੇ ਸੇਵਾ ਕਰਦੇ ਹਨ।
Those content people who serve God by meditation,

**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**

ਉਨ੍ਹਾਂ ਨੇ ਕਦੇ ਮਾੜੇ ਕੰਮ ਨਹੀਂ ਕੀਤੇ
ਅਤੇ ਉੱਤਮ ਕਿਰਤ ਕਰਕੇ ਧਰਮ ਦਾ ਵਣਜ ਖੱਟਿਆ ਹੈ।
they never participate in wrong actions and
earn righteousness by doing good deeds

**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**

ਉਨ੍ਹਾਂ ਨੇ ਸੰਸਾਰਿਕ ਬੰਧਨ ਤੋੜ ਦਿੱਤੇ ਹਨ
ਅਤੇ ਖਾਣ-ਪੀਣ ਵਿੱਚ ਸੰਜਮ ਵਰਤਿਆ।
They break bonds with the materialistic world,
their eating habits become simple.

**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**

ਤੂੰ ਮਹਾਨ ਦਾਤਾ ਹੈਂ, ਹਰ ਰੋਜ਼ ਮੰਗਣ ਵਾਲਿਆਂ ਨੂੰ ਵੱਧ ਤੋਂ ਵੱਧ ਦੇਂਦਾ ਹੈਂ।
You are the great giver,
You always give in abundance

**ਵਡਿਆਈ ਵਡਾ ਪਾਇਆ॥੭॥**

ਮਹਾਨ ਗੁਰੂ ਪਾਇਆਂ ਹੀ ਵਡਿਆਈ ਮਿਲਦੀ ਹੈ।
By glorifying the God, one attains Him.

ਨਾਮਧਾਰੀ ਨਿਤਨੇਮ ਸਟੀਕ ਵਿਚੋਂ

ਚਲਦਾ...

# ਗੁਰੂ ਗੋਬਿੰਦ ਸਿੰਘ: ਕੁਰਬਾਨੀ ਦੇ ਪੁੰਜ

**ਅਵਤਾਰ ਕੌਰ ਜਵੰਦਾ**

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਮਨੁੱਖਤਾ ਲਈ ਬਹੁਤ ਕੀਮਤੀ ਖਜ਼ਾਨਾ ਹੈ। ਸਿੱਖਾਂ ਨੇ ਇਸ ਦੌਲਤ ਨੂੰ ਆਪਣੇ ਲਾਭਾਂ ਲਈ ਹੀ ਵਰਤਿਆ। ਗੈਰ-ਸਿੱਖਾਂ ਨੇ ਇਸ ਖਜ਼ਾਨੇ ਵੱਲ ਧਿਆਨ ਨਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਸ਼ਹੀਦ ਹੋਏ ਅਤੇ ਛੋਟੇ ਜਿਉਂਦੇ ਹੀ ਸਰਹੰਦ ਵਿਚ ਨੀਹਾਂ ਵਿਚ ਚਿਣੇ ਗਏ। ਇਥੋਂ ਤਕ ਕਿ ਮਾਤਾ ਪਿਤਾ ਦਾ ਵੀ ਬਲੀਦਾਨ ਦੇ ਦਿੱਤਾ। ਗੁਰੂ ਜੀ ਕਿਸੇ ਇਕ ਫਿਰਕੇ ਦੇ ਬਾਨੀ ਨਹੀਂ ਸਨ ਤੇ ਨਾ ਹੀ ਕਿਸੇ ਇਕ ਫਿਰਕੇ ਲਈ ਉਹਨਾਂ ਨੇ ਕੁਰਬਾਨੀ ਦਿੱਤੀ। ਉਹ ਨਵੀਂ ਅਗਰਗਾਮੀ ਵਿਚਾਰਧਾਰਾ ਦੇ ਪ੍ਰਚਾਰਕ ਸਨ। ਉਹਨਾਂ ਦਾ ਸੁਨੇਹਾ ਕੰਮ ਲਈ ਭਾਰੀ ਖਿੱਚ ਰੱਖਦਾ ਸੀ। ਉਹਨਾਂ ਦਾ ਪੈਗ਼ਾਮ, ਉਹਨਾਂ ਦਾ ਪ੍ਰਚਾਰ ਕੇਵਲ ਸਿੱਖਾਂ ਜਾਂ ਹਿੰਦੂਆਂ ਲਈ ਹੀ ਨਹੀਂ ਸੀ, ਬਲਕਿ ਦੁਨੀਆਂ ਭਰ ਦੇ ਮਜ਼ਲੂਮਾਂ ਤੇ ਦੁਖੀਆਂ ਲਈ ਸੀ। ਉਹਨਾਂ ਦਾ ਨਜ਼ਰੀਆ ਸਪ੍ਰਦਾਇਕ ਨਹੀਂ ਸੀ, ਅਫਿਰਕੂ ਸੀ। ਉਹਨਾਂ ਦਾ ਮਜ਼ਹਬ ਮਨੁੱਖਤਾ ਸੀ। ਉਹਨਾਂ ਦਾ ਧਰਮ ਇਨਸਾਫ ਤੇ ਸਚਾਈ ਸੀ, ਉਹਨਾਂ ਦਾ ਆਦਰਸ਼ ਸਮਾਜ ਵਿਚੋਂ ਉਚ ਨੀਚ ਦੇ ਭੇਦਾਂ ਨੂੰ ਮਿਟਾ ਕੇ ਮਨੁਖ ਨੂੰ ਇਕ ਪੱਧਰ ਤੇ ਲਿਆਉਣਾ ਸੀ। ਗੁਰੂ ਜੀ ਹਿੰਦੂ ਦੇ ਮੰਦਰ, ਮੁਸਲਮਾਨ ਦੀ ਮਸਜਿਦ ਨੂੰ, ਹਿੰਦੂ ਦੀ ਪੂਜਾ ਤੇ ਮੁਸਲਮਾਨ ਦੀ ਨਿਮਾਜ਼ ਨੂੰ ਇਕੋ ਪੜਾ ਦੇ ਦੋ ਰਾਹ ਸਮਝਦੇ ਸਨ। ਆਪ ਫ਼ਰਮਾਂਦੇ ਹਨ :

"ਦੇਹਰਾ ਮਸੀਤ ਸੋਈ ਪੂਜਾ ਓ ਨਿਵਾਜ ਓਈ।
ਮਾਨਸ ਸਭੇ ਏਕ ਪੇ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ।
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।'

ਵੱਖ-ਵੱਖ ਧਰਮਾਂ ਤੇ ਮਜ਼ਹਬਾਂ ਦਾ ਕਾਰਨ ਵਖਰੇ ਵਖਰੇ ਦੇਸ਼ਾਂ ਦਾ ਭੇਸ ਤੇ ਰਹਿਣ ਸਹਿਣ ਹੈ। ਹਿੰਦੂ ਧਰਮ ਦੇ ਠੇਕੇਦਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਸਮਾਜ ਤੇ ਧਰਮ ਦਾ ਵਿਰੋਧੀ ਕਿਹਾ। ਜਾਤ-ਪਾਤ, ਊਚ-ਨੀਚ ਨੂੰ ਨਸ਼ਟ ਕਰਨਾ ਮਨੂੰ ਮਹਾਰਾਜ ਦੀ ਸਿਮਰਤੀ ਦੇ ਉਲਟ ਸੀ। ਇਸਤਰੀ ਜਾਤੀ ਨੂੰ ਸ਼ਸਤ੍ਰਧਾਰੀ ਬਣਾ ਕੇ ਮਰਦਾਂ ਦੇ ਟਾਕਰੇ ਤੇ ਲਿਆ ਖੜਾ ਕਰਨਾ ਪ੍ਰਾਚੀਨ ਹਿੰਦੂ ਅਸੂਲਾਂ ਦੇ ਉਲਟ ਸੀ। ਸਮੇਂ ਦੇ ਪੰਡਤਾਂ ਤੇ ਹਿੰਦੂ ਰਾਜਿਆਂ ਨੇ ਇਨਕਲਾਬ ਦੇ ਇਹਨਾਂ ਨਵੇਂ ਆਦਰਸ਼ਾਂ ਨੂੰ ਹਿੰਦੂ ਧਰਮ ਦੇ ਵਿਰੁੱਧ ਸਮਝਿਆ ਤੇ ਗੁਰੂ ਸਾਹਿਬ ਜੀ ਦੇ ਵਿਰੁਧ ਲੜਾਈਆਂ ਵੀ ਲੜੀਆਂ ਪਰ ਗੁਰੂ ਜੀ ਦੇ ਪਿਤਾ ਤੇ ਮਾਸੂਮ ਬੱਚਿਆਂ ਦੀ ਕੁਰਬਾਨੀ ਨੇ ਸਾਬਤ ਕਰ ਦਿੱਤਾ ਕਿ ਜਿਹਨਾਂ ਨੂੰ ਹਿੰਦੂ ਧਰਮ ਦਾ ਵਿਰੋਧੀ ਸਮਝਿਆ ਜਾਂਦਾ ਸੀ, ਉਹ ਸਹੀ ਸ਼ਬਦਾਂ ਵਿਚ ਹਿੰਦੂ ਧਰਮ ਦੇ ਰਖਿਅਕ ਤੇ ਸਹਾਈ ਸਨ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਜਿਸ ਆਦਰਸ਼ ਦੀ ਕਾਇਮੀ ਲਈ ਹੋਈ ਸੀ, ਉਸ ਦਾ ਵਰਨਣ ਗੁਰੂ ਜੀ ਇਹਨਾਂ ਸ਼ਬਦਾਂ ਵਿਚ ਕਰਦੇ ਹਨ :

"ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।
ਕੀਨੋ ਬਡੋ ਕਲੂ ਮਹਿ ਸਾਕਾ।"

ਨਵੰਬਰ 1775 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਦੇ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਨੇ ਜੋ ਕੁਰਬਾਨੀ ਦਿੱਤੀ, ਜੋ ਹਿਰਦੇ-ਵੇਧਕ ਘਟਨਾ ਘਟੀ, ਹਿੰਦ ਦੇ ਇਸਲਾਮੀ ਹਾਕਮਾਂ ਦੀ ਖ਼ੂਨੀ ਸ਼ਮਸ਼ੀਰ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਦੀ ਗਰਦਨ ਤੇ ਚਲੀ, ਉਹ ਹਿੰਦੂ ਧਰਮ ਦੀ ਸਭ ਤੋਂ ਪਵਿੱਤਰ ਤੇ ਸ਼ਰੋਮਣੀ ਨਿਸ਼ਾਨੀ ਤਿਲਕ ਤੇ ਜੰਞੂ ਦੀ ਰੱਖਿਆ ਦੇ ਅਪਰਾਧ ਵਿਚ ਚਲੀ ਸੀ। ਗੁਰੂ ਤੇਗ ਬਹਾਦਰ ਜੀ ਨੂੰ ਇਸ ਮਹਾਨ ਆਦਰਸ਼ ਵਿਚ ਬਲੀਦਾਨ ਦੇਣ ਲਈ ਭੇਜਣ ਵਾਲੇ ਵੀ ਗੁਰੂ ਸਾਹਿਬ ਆਪ ਹੀ ਸਨ :

"ਹੁਭੈ ਉਦਾਰ ਜਬ ਮਾਤ ਕੇ, ਉਹਾਂ ਰਾਖਾ ਜੋਇ।
ਅਬ ਤੋਂ ਭਏ ਦਸ ਸਾਲ ਕੇ, ਕਿਉਂ ਨਾ ਸਹਾਈ ਹੋਏ।"

ਜਦ ਆਪ ਜੀ ਨੌ-ਸਾਲਾਂ ਦੇ ਸਨ ਤਾਂ ਮੁਸਲਿਮ ਧਰਮ ਦੇ ਅੰਧ-ਵਿਸ਼ਵਾਸ ਦੇ ਸ਼ਿਕਾਰ, ਕਸ਼ਮੀਰੀ ਪੰਡਤਾਂ ਦਾ ਇਕ ਪ੍ਰਤਿਨਿੱਧ ਮੰਡਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿੱਚ ਅਨੰਦਪੁਰ ਸਾਹਿਬ ਪੇਸ਼ ਹੋਇਆ। ਗੁਰੂ ਜੀ ਗੰਭੀਰ ਮੁਰਦਾ ਅਤੇ ਗਹਿਰੇ ਖਿਆਲਾਤ ਵਿਚ ਡੁੱਬੇ ਹੋਏ ਸਨ, ਕਿ ਬਾਲਕ ਗੋਬਿੰਦ ਖੇਡਦੇ ਹੋਏ ਪਿਤਾ ਦੀ ਗੋਦ ਵਿੱਚ ਆ ਕੇ ਬਹਿ ਗਏ ਅਤੇ ਉਹਨਾਂ ਨੂੰ ਸੋਚ ਵਿੱਚ ਪਏ ਹੋਣ ਦਾ ਕਾਰਨ ਪੁੱਛਿਆ। ਗੁਰੂ ਤੇਗ ਬਹਾਦਰ ਜੀ ਨੇ ਦੱਸਿਆ ਕਿ ਧਰਮ ਦੀ ਰੱਖਿਆ ਲਈ ਕਿਸੇ ਮਹਾਨ ਕੁਰਬਾਨੀ ਦੀ ਲੋੜ ਹੈ। ਇਹ ਉਤਰ ਸੁਣ ਕੇ ਆਪ ਜੀ ਨੇ ਕਿਹਾ, "ਪਿਤਾ ਜੀ ! ਆਪ ਜੀ ਤੋਂ ਵੱਧ ਹੋਰ ਕੌਣ ਮਹਾਨ ਕੁਰਬਾਨੀ ਦੇ ਸਕਦਾ ਹੈ।" ਸਪੁੱਤਰ ਦੀ ਇਹ ਗੱਲ ਸੁਣ ਕੇ ਨੌਵੇਂ ਗੁਰੂ ਮਹਾਨ ਕੁਰਬਾਨੀ ਦੇਣ ਲਈ

ਦਿੱਲੀ ਨੂੰ ਰਵਾਨਾ ਹੋ ਗਏ। 24 ਨਵੰਬਰ, 1675 ਈ: ਨੂੰ ਨੌਵੇਂ ਗੁਰੂ ਨੂੰ ਚਾਂਦਨੀ ਚੌਂਕ, ਦਿੱਲੀ ਵਿਚ (ਜਿਥੇ ਹੁਣ ਗੁਰਦੁਆਰਾ ਸੀਸ ਗੰਜ ਹੈ) ਤਤਕਾਲੀ ਹਿੰਸਕ ਸ਼ਾਸਕ ਦੇ ਹੁਕਮ ਨਾਲ ਸ਼ਹੀਦ ਕਰ ਦਿੱਤਾ ਗਿਆ। ਇਸ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ ਤੇ ਬੈਠੇ ਉਸ ਵੇਲੇ ਆਪ ਦੀ ਉਮਰ ਨੌ ਸਾਲ ਸੀ।

ਗੁਰੂ ਜੀ ਨੇ ਪਿਛਲੀਆਂ ਘਟਨਾਵਾਂ ਅਤੇ ਤਤਕਾਲੀ ਹਾਲਾਤ ਦਾ ਜਾਇਜ਼ਾ ਲਿਆ ਅਤੇ ਇਹ ਫੈਸਲਾ ਕੀਤਾ ਕਿ ਹੁਣ ਸਿੱਖ ਧਰਮ ਦੇ ਪ੍ਰਾਚੀਨ ਸਰੂਪ ਨੂੰ ਬਦਲਣਾ ਪਵੇਗਾ। ਅਧਿਆਤਮਕ ਉਨਤੀ ਦੇ ਨਾਲ-ਨਾਲ ਹੁਣ ਆਪਣੀ ਹੋਂਦ ਨੂੰ ਕਾਇਮ ਰਖਣ ਦੇ ਮਸਲੇ ਨੇ ਬੜਾ ਵਿਕਟ ਰੂਪ ਧਾਰਨ ਕਰ ਲਿਆ ਸੀ। ਹਿੰਸਾ ਦਾ ਜਵਾਬ ਹੁਣ ਤੱਕ ਅਹਿੰਸਾ ਨਾਲ ਦਿੱਤਾ ਜਾਂਦਾ ਰਿਹਾ ਸੀ ਪਰੰਤੂ ਜਦੋਂ ਮਹਾਨ ਕੁਰਬਾਨੀਆਂ ਦਿੱਤੇ ਜਾਣ ਦੇ ਬਾਵਜੂਦ ਵੀ ਮੁਗਲ ਸ਼ਾਸ਼ਕਾਂ ਦੇ ਜ਼ੁਲਮਾਂ ਨੂੰ ਰੋਕਿਆ ਨਾ ਜਾ ਸਕਿਆ ਤਾਂ ਹਿੰਸਾ ਦਾ ਉਤਰ ਤਲਵਾਰ ਨਾਲ ਦਿੱਤਾ ਜਾਣ ਲੱਗਾ। ਇਹ ਸਭ ਕੁਝ ਤਾਂ ਹੀ ਸੰਭਵ ਹੋ ਸਕਦਾ ਸੀ ਕਿ ਜੇਕਰ ਜ਼ਾਲਮ ਸਮਾਰਾਜ ਦੀ ਨੀਂਹ ਨੂੰ ਜੜ੍ਹੋ ਪੁਟ ਸੁਟਣ ਲਈ, ਹਥਿਆਰ ਬੰਦ ਕ੍ਰਾਂਤੀ ਲਿਆਉਣ ਲਈ ਠੋਸ ਤੇ ਨਿੱਗਰ ਕਦਮ ਪੁੱਟਿਆ ਜਾਵੇ। ਕਿੰਤੂ ਉਸ ਸਮੇਂ ਮੈਦਾਨੀ ਖੇਤਰ ਵਿੱਚ ਇਹ ਸਭ ਕੁਝ ਕਰਨਾ ਮੁਸ਼ਕਲ ਸੀ, ਇਸ ਲਈ ਗੁਰੂ ਜੀ ਨੇ ਪਾਉਂਟਾ ਸਾਹਿਬ ਪਹਾੜੀ ਸਥਾਨ ਤੋਂ ਆਪਣੇ ਵੀਰ ਸਿੱਖ ਧਰਮ-ਯੁੱਧ ਲਈ ਤਿਆਰ ਕਰਨੇ ਅਰੰਭ ਕਰ ਦਿਤੇ। ਗੁਰੂ ਜੀ ਨੇ ਜਿਥੇ ਸਿੱਖਾਂ ਨੂੰ ਸੈਨਿਕ ਸਿਖਲਾਈ ਦੇਣੀ ਅਰੰਭ ਕੀਤੀ, ਉਥੇ ਉਹਨਾਂ ਦੀ ਮਾਨਸਿਕ ਅਵਸਥਾ ਨੂੰ ਵੀ ਦ੍ਰਿੜ ਕੀਤਾ। ਸਿੱਖਾਂ ਦੇ ਮਨਾਂ ਵਿਚ ਆਤਮ-ਵਿਸ਼ਵਾਸ ਆਤਮ-ਗੌਰਵ, ਆਤਮ-ਨਿਰਭਰਤਾ ਦੀ ਭਾਵਨਾ ਦਾ ਸੰਚਾਰ ਕੀਤਾ। ਆਪ ਨੇ ਆਪਣੇ ਦਰਬਾਰ ਵਿਚ ਭਿੰਨ ਭਿੰਨ ਭਾਸ਼ਾਵਾਂ ਅਤੇ ਸੰਸਕ੍ਰਿਤੀਆਂ ਨਾਲ ਸਬੰਧਤ ਕਵੀ ਨਿਯਮਤ ਤੌਰ ਤੇ ਰੱਖੇ ਹੋਏ ਸਨ ਜੱਟ, ਤਰਖਾਣ, ਚਮਾਰ, ਸ਼ੂਦਰ, ਧੋਬੀ ਆਦਿ ਪਿਛੜੀਆਂ ਜਾਤੀਆਂ ਦੇ ਲੋਕ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਨਿੱਡਰ ਬਣ ਗਏ। ਉਹ ਦੁਸ਼ਮਣ ਨਾਲ ਲੋਹਾ ਲੈਣ ਲਈ ਸਦਾ ਤਤਪਰ ਰਹਿੰਦੇ ਸਨ। ਦਸਮ ਗੁਰੂ ਤੋਂ ਪਹਿਲਾਂ ਕਿਸੇ ਵੀ ਸੈਨਾ ਨਾਇਕ ਨੂੰ ਅਛੂਤ ਜਾਤੀਆਂ ਵਿਚੋਂ ਬੰਦੇ ਭਰਤੀ ਕਰਕੇ ਸੈਨਾ ਦਾ ਨਿਰਮਾਣ ਕਰਨ ਦੀ ਨਹੀਂ ਸੁੱਝੀ। ਚਿੜੀਆਂ ਨੂੰ ਬਾਜਾਂ ਨਾਲ ਲੜਾਉਣ ਦਾ ਸਿਹਰਾ ਇਸੇ ਕੁਰਬਾਨੀ ਦੇ ਪੁਤਲੇ ਗੁਰੂ ਨੂੰ ਹੈ! ਗੁਰੂ ਜੀ ਦੀ ਬੀਰ ਰਸੀ ਬਾਣੀ ਜਾਂ ਵੀਰ ਕਾਵਿ ਰਸੀ ਰਸਣੀ ਬੜੀ ਪੁਰਜ਼ੋਰ ਹੈ ਅਤੇ ਇਸ ਨੂੰ ਪੜ੍ਹ ਕੇ ਨਾੜਾਂ ਵਿਚ ਖ਼ੂਨ ਖੋਲਣ ਲਗ ਪੈਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਜਿਥੇ ਸੈਨਿਕ ਸਿਖਲਾਈ ਦੇ ਕੇ ਉਹਨਾਂ ਨੂੰ ਬਲਵਾਨ ਯੋਧੇ ਬਣਾਇਆ ਉਥੇ ਉਹਨਾਂ ਦੀ ਮਾਨਸਿਕ ਪੱਧਰ ਨੂੰ ਵੀ ਉੱਚਾ ਕੀਤਾ। ਉਹਨਾਂ ਦੇ ਮਨ ਵਿਚ ਆਤਮ-ਵਿਸ਼ਵਾਸ ਭਰਿਆ, ਹਾਰੇ ਹੋਏ ਅਤੇ ਨਿਰਾਦਰੇ ਲੋਕਾਂ ਦੀਆਂ ਅਲਸਾਈਆਂ ਸ਼ਕਤੀਆਂ ਨੂੰ ਉਭਾਰਨ ਅਤੇ ਰਾਸ਼ਟਰੀ ਭਵਾਨਾ ਨੂੰ ਜਗਾਉਣ ਵਿਚ ਸਾਹਿਤ ਕਿਤਨਾ ਲਾਭਦਾਇਕ ਸਿੱਧ ਹੋ ਸਕਦਾ ਹੈ, ਇਸ ਤੋਂ ਗੁਰੂ ਜੀ ਭਲੀ ਭਾਂਤ ਜਾਣੂ ਸਨ। ਸਾਹਿਤ ਇਕ ਅਸੀਮ ਸ਼ਕਤੀ ਹੈ। ਸਾਹਿਤ ਦੀ ਸ਼ਕਤੀ ਤਲਵਾਰ, ਬੰਦੂਕ ਜਾਂ ਐਟਮ ਦੀ ਸ਼ਕਤੀ ਤੋਂ ਕਿਤੇ ਅਧਿਕ ਪ੍ਰਬਲ ਮੰਨੀ ਗਈ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦੀ ਸ਼ਹਾਦਤ ਪਿਛੋਂ ਤਲਵਾਰ ਨੂੰ ਹੱਥ ਵਿਚ ਲਿਆ ਤੇ ਇਹ ਤਲਵਾਰ ਉਸ ਸਮੇਂ ਤੱਕ ਯੁੱਧ ਖੇਤਰ ਵਿਚ ਲਿਸ਼ਕਦੀ ਰਹੀ, ਜੱਦ ਤੱਕ ਪੰਜ ਦਰਿਆਵਾਂ ਦੀ ਧਰਤੀ ਤੇ ਖਾਲਸਾ ਰਾਜ ਸਥਾਪਤ ਨਾ ਹੋ ਗਿਆ, ਜਿਸ ਨੇ ਇਕ ਪਾਸੇ ਦਿੱਲੀ ਦੇ ਮੁਗਲ ਕਹਿਰ ਨੂੰ ਨਸ਼ਟ ਕੀਤਾ ਤੇ ਦੂਜੇ ਪਾਸੇ ਅਫਗਾਨਿਸਤਾਨ ਤੋਂ ਆਉਣ ਵਾਲੇ ਲੁਟੇਰਿਆਂ ਦਾ ਰਾਹ ਬੰਦ ਕੀਤਾ। ਗੁਰੂ ਜੀ ਨੇ ਆਪਣੇ ਮਾਤਾ, ਪਿਤਾ ਆਪਣੇ ਚਾਰ ਜਿਗਰ ਦੇ ਟੋਟਿਆਂ ਤੇ ਅਨਗਿਣਤ ਸਿੰਘਾਂ ਦੀਆਂ ਸ਼ਹਾਦਤਾਂ ਦੇ ਕੇ ਭਾਰਤ ਦੀ ਕਿਸਮਤ ਨੂੰ ਬਦਲਿਆ ਤੇ ਹਜ਼ਾਰ ਸਾਲ ਪਿਛੋਂ ਦੇਸ਼ ਵਾਸੀਆਂ ਦੀ ਆਪਣੀ ਹਕੂਮਤ ਕਾਇਮ ਹੋਈ।

ਜੇ ਗੁਰੂ ਜੀ ਦੇ ਰਾਜਨੀਤਕ ਦ੍ਰਿਸ਼ਟੀਕੋਣ ਨੂੰ ਵਿਚਾਰਿਆ ਜਾਵੇ, ਤਾਂ ਉਹਨਾਂ ਵਲੋਂ ਹਿੰਦੂ ਧਰਮ ਤੋਂ ਦੇਸ਼ ਦੀ ਸਭਿਅਤਾ ਦੀ ਰਾਖੀ ਲਈ ਦਿੱਤੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਲਿਆਂਦਾ ਜਾਏ ਤਾਂ ਇਸ ਸਿਟੇ ਤੇ ਅਪੜਨਾ ਕਠਨ ਨਹੀਂ ਹੋਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਸਚੇ ਅਰਥਾਂ ਵਿਚ ਦੇਸ਼ ਰਖਿਅਕ ਸਨ, ਦੇਸ਼ ਪਿਤਾ ਸਨ। ਆਪ ਦਾ ਦ੍ਰਿਸ਼ਟੀਕੋਣ ਫਿਰਕੂ ਨਹੀਂ ਸੀ, ਕੌਮੀ ਸੀ। ਦੇਸ਼ ਧਰਮ ਦੀ ਰੱਖਿਆ ਲਈ ਉਹ ਆਪਣੇ ਪਿਤਾ ਦੇ ਜੀਵਨ ਦੀ ਅਹੂਤੀ ਬਚਪਨ ਵਿਚ ਦੇ ਸਕਦੇ ਹਨ ਤਾਂ ਜਵਾਨੀ ਵਿਚ ਉਹਨਾਂ ਨੇ ਧਰਮ ਦੀ ਰਾਖੀ ਲਈ ਆਪਣੇ ਚਾਰੇ ਲਾਲਾਂ ਨੂੰ ਵੀ ਕੁਰਬਾਨ ਕੀਤਾ।

"ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ,
ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ।"

1704 ਵਿਚ ਅਨੰਦਪੁਰ ਸਾਹਿਬ ਦੀ ਚੌਥੀ ਲੜਾਈ ਹੋਈ, ਇਹ ਲੜਾਈ ਕਈ ਦਿਨ ਹੁੰਦੀ ਰਹੀ। ਮੁਗਲ ਫੌਜਾਂ

ਨੇ ਕਿਲੇ ਨੂੰ ਘੇਰਾ ਪਾ ਲਿਆ। ਸਿੱਖਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਆਖਿਆ ਪਰ ਗੁਰੂ ਜੀ ਮੰਨਦੇ ਨਹੀਂ ਸਨ। ਮੁਗਲ ਫੌਜਦਾਰਾਂ ਦੀ ਬੇਈਮਾਨੀ ਨੂੰ ਗੁਰੂ ਸਾਹਿਬ ਜਾਣਦੇ ਸਨ ਗੁਰੂ ਜੀ ਨੇ ਸਿੱਖਾਂ ਦੇ ਦਿਲ ਹਾਰ ਜਾਣ ਦੇ ਬਾਅਦ ਵੀ ਹੌਂਸਲੇ ਨੂੰ ਨਹੀਂ ਛੱਡਿਆ। ਇਥੋਂ ਤੱਕ ਕਿ ਮਾਤਾ ਜੀ ਨੇ ਵੀ ਜੋਰ ਦਿੱਤਾ। ਸਿੱਖਾਂ ਨੇ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਕਿ ਜੇ ਗੁਰੂ ਜੀ ਕਿਲਾ ਨਹੀਂ ਛੱਡਦੇ ਤਾਂ ਉਹ ਬਿਨਾਂ ਆਗਿਆ ਲਏ ਹੀ ਤੁਰ ਜਾਣਗੇ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਸੀਨੇ ਵਿਚ ਉਹ ਅਡੋਲ ਦਿਲ ਸੀ, ਜਿਸ ਨਾਲ ਵੱਡੀਆਂ-ਵੱਡੀਆਂ ਸ਼ਕਤੀਆਂ ਟਕਰਾ ਕੇ ਟੁਕੜੇ ਟੁਕੜੇ ਹੋ ਸਕਦੀਆਂ ਸਨ। ਦੋ ਹਜ਼ਾਰ ਤੋਂ ਵੱਧ ਸਿੰਘ ਅਨੰਦਪੁਰ ਦੀ ਇਸ ਲੜਾਈ ਵਿਚ ਸ਼ਹੀਦ ਹੋ ਚੁੱਕੇ ਸਨ ਤੇ ਬਾਕੀ ਜੋ ਬੱਚ ਗਏ ਸਨ, ਉਹਨਾਂ ਵਿਚੋਂ ਬਹੁਤਿਆਂ ਨੇ ਗੁਰੂ ਜੀ ਦੇ ਅਟੱਲ ਨਿਸ਼ਚੇ ਨੂੰ ਦੇਖ ਕੇ ਲਿਖ ਦਿੱਤਾ ਸੀ ਕਿ 'ਨਾ ਤੂੰ ਸਾਡਾ ਗੁਰੂ ਤੇ ਨਾ ਅਸੀਂ ਤੇਰੇ ਚੇਲੇ।' ਸਿੱਖ ਇਤਿਹਾਸ ਵਿਚ ਇਸ ਘਟਨਾ ਨੂੰ ਬੇਦਾਵਾ ਕਿਹਾ ਗਿਆ ਹੈ। ਸਿੱਖ ਫੌਜਾਂ ਨੇ ਜਰਨੈਲ ਦਾ ਸਾਥ ਛੱਡ ਦਿੱਤਾ। ਸਿੱਖਾਂ ਨੇ ਗੁਰੂ ਜੀ ਨੂੰ 'ਬੇਦਾਵਾ' ਲਿਖ ਦਿੱਤਾ, ਸਭ ਪਾਸੇ ਉਦਾਸੀ ਤੇ ਘਬਰਾਹਟ ਸੀ, ਪਰ ਕਮਾਲ ਸੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਸ ਕਿ ਉਹ ਬਿਲਕੁਲ ਨਾ ਡੋਲੇ। ਆਪਣੇ ਨਿਸ਼ਚੇ ਤੇ ਅਟਲ ਖਲੋਤੇ ਰਹੇ। ਮੁਗਲਾਂ ਦੇ ਇਮਾਨ ਦਾ ਪੜਦਾ ਸਭ ਸਾਹਮਣੇ ਜਾਹਰ ਕਰਨ ਲਈ ਅੰਤ ਗੁਰੂ ਜੀ ਕਿਲਾ ਛਡਿਆ।

ਸਰਸਾ ਨਦੀ ਤੋਂ ਵਿਛੜ ਕੇ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਦੇ ਨਾਲ ਉਸ ਦੇ ਘਰ ਚਲੇ ਗਏ, ਇਹ ਗੰਗੂ ਬ੍ਰਾਹਮਣ ਗੁਰੂ ਸਾਹਿਬ ਦੇ ਘਰ ਰਸੋਈਆ ਰਹਿ ਚੁੱਕਾ ਸੀ। ਗੰਗੂ ਨੇ ਬਜਾਏ ਹਿਫਾਜ਼ਤ ਕਰਨ ਦੇ ਇਹਨਾਂ ਨਾਲ ਧੋਖਾ ਕੀਤਾ ਅਤੇ ਇਨਾਮ ਲੈਣ ਦੇ ਲਾਲਚ ਵਿਚ ਇਹਨਾਂ ਨੂੰ ਸਰਕਾਰੀ ਅਫਸਰਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖਾਂ ਨੇ ਇਹਨਾਂ ਨੂੰ ਮੁਸਲਮਾਨ ਬਨਣ ਲਈ ਬੜੇ ਲਾਲਚ ਦਿੱਤੇ ਪਰ ਉਹ ਨਾ ਮੰਨੇ। ਉਹਨਾਂ ਦੀ ਉਮਰ ਉਸ ਵੇਲੇ ਸਿਰਫ 7 ਤੋਂ 9 ਸਾਲ ਦੀ ਸੀ। ਅਖੀਰ ਵਜ਼ੀਰ ਖਾਂ ਦੇ ਹੁਕਮ ਨਾਲ ਪਹਿਲੋਂ ਉਹਨਾਂ ਨੂੰ ਜੀਉਂਦੇ ਕੰਧਾਂ ਵਿਚ ਚਿਣਿਆ ਗਿਆ ਤੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਇਹ ਘਟਨਾ ਸੁਣਨ ਦੇ ਬਾਅਦ ਸਰੀਰ ਤਿਆਗ ਗਏ। ਇਹ ਖ਼ਬਰ ਗੁਰੂ ਜੀ ਨੂੰ ਉਦੋਂ ਮਿਲੀ ਜਦੋਂ ਉਹ ਮਾਲਵੇ ਵੱਲ ਜਾ ਰਹੇ ਸਨ। ਉਸ ਵੇਲੇ ਵੀ ਗੁਰੂ ਸਾਹਿਬ ਨਹੀਂ ਡੋਲੇ ਸਗੋਂ ਰੱਬ ਦਾ ਸ਼ੁਕਰ ਕੀਤਾ: ਤੂੰ ਆਪਣੀ ਅਮਾਨਤ ਆਪ ਸਾਂਭ ਲਈ ਹੈ। ਕਵੀ ਸ. ਵਿਧਾਤਾ ਸਿੰਘ ਤੀਰ ਨੇ ਆਪਣੀ ਕਵਿਤਾ ''ਤੂੰ ਦਰਦ ਦਾ ਪੁਤਲਾ, ਤੂੰ ਸੰਤ ਸਿਪਾਹੀ'' ਵਿਚ ਲਿਖਿਆ ਹੈ :

''ਤੂੰ ਕਲਗੀ ਵਾਲਾ, ਤੂੰ ਬਾਜਾਂ ਵਾਲਾ,
ਤੂੰ ਤਖਤਾਂ ਵਾਲਾ, ਤੂੰ ਤਾਜਾਂ ਵਾਲਾ।
ਤੂੰ ਚੋਜ ਵਿਖਾਏ ਜਾਂ ਵੇਲਾ ਬਣਿਆ,
ਤੂੰ ਗੁਰੂ ਵੀ ਬਣਿਆ ਫਿਰ ਚੇਲਾ ਬਣਿਆ,
ਤੂੰ ਛੇ ਮੌਤਾਂ ਸਹਿਕੇ, ਲੱਖ ਸ਼ੁਕਰ ਮਨਾਇਆ।
ਗਸ਼ ਮੌਤ ਨੂੰ ਪੈ ਗਈ, ਪਰ ਤੂੰ ਮੁਸਕਾਇਆ।
ਲਹੂ ਜ਼ੁਲਮ ਪਿਲਾਕੇ, ਤੇਹ ਪੇਗ ਦੀ ਲਾਹੀ।
ਤੂੰ ਦਰਦ ਦਾ ਪੁਤਲਾ, ਤੂੰ ਕੁਰਬਾਨੀ ਦਾ ਚਿੰਨ੍ਹ।

ਪੰਜਾਬ ਦੇ ਇਤਿਹਾਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਹੁਤ ਉੱਚਾ ਦਰਜਾ ਹੈ। ਇੱਕ ਪਾਸੇ ਸਾਰਾ ਹਿੰਦੁਸਤਾਨ ਅਤੇ ਲੱਖਾਂ ਦੀ ਗਿਣਤੀ ਵਿਚ ਫੌਜ ਅਤੇ ਦੂਸਰੇ ਪਾਸੇ ਸੈਂਕੜੇ ਜਾਂ ਵੱਧ ਤੋਂ ਵੱਧ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਪਹਾੜੀ ਰਾਜਿਆਂ ਨੇ ਵੀ ਸਾਥ ਨਾ ਦਿੱਤਾ। ਇਕਲਿਆਂ ਮੁਕਾਬਲਾ ਕਰਕੇ ਗੁਲਾਮ ਭਾਰਤੀਆਂ ਵਿਚ ਜੋਸ਼ ਭਰ ਦਿੱਤਾ ਅਤੇ ਮੁਗਲ ਸਾਮਰਾਜ ਦੀ ਤਾਕਤ ਦਾ ਜਾਦੂ ਤੋੜ ਦਿਤਾ। ਇਹ ਇਕ ਬੜੀ ਭਾਰੀ ਸਫਲਤਾ ਸੀ। ਔਰੰਗਜ਼ੇਬ ਭਾਰਤ ਨੂੰ ਇਕ ਕਾਫਰਾਂ ਦਾ ਦੇਸ਼ ਸਮਝਦਾ ਸੀ ਅਤੇ ਉਹ ਇਸ ਨੂੰ ਮੋਮਨਾਂ ਦਾ ਦੇਸ਼ ਵੇਖਣਾ ਚਾਹੁੰਦਾ ਸੀ। ਉਸ ਦੇ ਇਹ ਸੁਪਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੋੜ ਦਿੱਤੇ। ਹਿੰਦੂਆਂ ਦੀ ਹੀਣਤਾ ਦੀ ਭਾਵਨਾ ਨੂੰ ਫੂਕ ਮਾਰ ਕੇ ਉਡਾ ਦਿੱਤਾ। ਇਹਨਾਂ ਦੇ ਜੋਤੀ ਜੋਤ ਸਮਾਣ ਪਿਛੋਂ ਸਿੱਖਾਂ ਨੇ ਮੁਗਲ ਸਾਮਰਾਜ ਦਾ ਖਾਤਮਾ ਕਰ ਦਿੱਤਾ। ਗੁਰੂ ਜੀ ਨੇ ਲੋਕਾਂ ਵਿਚ ਉਹ ਸਪਿਰਿਟ ਭਰੀ ਕਿ ਸਵਾ ਲਖ ਮੁਗਲ ਨਾਲ ਇਕੱਲਾ ਇਕੱਲਾ ਸਿੱਖ ਲੜਾ ਕੇ ਦਿਖਾ ਦਿੱਤਾ) ਇਸ ਤਰ੍ਹਾਂ ਕੁਰਬਾਨੀ ਦੇ ਪੁਤਲੇ ਨੇ ਹਿੰਦੂ ਧਰਮ ਦੀ ਰਖਿਆ ਕੀਤੀ। ਸ਼ਹੀਦੀਆਂ ਨੇ ਪੰਜਾਬੀਆਂ ਦੀ ਫੌਜੀ ਸਪਿਰਿਟ ਨੂੰ ਸੁਰਜੀਤ ਕਰ ਦਿੱਤਾ। ਇਹਨਾਂ ਦੀ ਕੁਰਬਾਨੀ ਦੀ ਸਫਲਤਾ ਦਾ ਨਕਸ਼ਾ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਖਿਚਿਆ ਹੈ :

''ਛਾਏ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,
ਹੋਵਤੀ ਕੁਚਲਤਾ ਕਤੇਬਨ ਕੁਰਾਨ ਕੀ।
ਪਾਪ ਪਰਪਕ ਜਾਤੇ, ਧਰਮ ਧਸੱਕ ਜਾਤੇ
ਬਰਨ ਗਰਕ ਜਾਤੇ ਸਹਿਤ ਬਿਦਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਦੂਰ ਹੋਤੇ
ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।

**ਬਾਕੀ ਸਫਾ ਨੰ 34 'ਤੇ**

# ਮਲੇਰਕੋਟਲਾ ਦੀਆਂ ਕੂਕਾ ਸ਼ਹਾਦਤਾਂ ਬਾਰੇ ਅੰਗਰੇਜ਼ੀ ਅਖ਼ਬਾਰਾਂ ਦਾ ਪੱਖ



**ਖਲੀਲ ਖਾਨ**
**99140-55472**

**"ਇਹ ਭਾਰਤ ਵਿਚ ਕਿਸੇ ਅੰਗਰੇਜ਼ ਵਲੋਂ ਕੀਤਾ ਸਭ ਤੋਂ ਵੱਧ ਮੂਰਖਾਨਾ ਅਤੇ ਜਾਲਮਾਨਾ ਕਾਰਾ ਸਿੱਧ ਹੋਵੇਗਾ।"**
***The Friend of India*** 21-3-72

1872 ਵਿੱਚ ਬ੍ਰਿਟਿਸ਼ ਅਧਿਕਾਰੀ ਕਾਵਨ ਦੁਆਰਾ ਕੂਕਿਆਂ ਨੂੰ ਤੋਪਾਂ ਨਾਲ ਉਡਾ ਦੇਣ ਦੀ ਘਟਨਾ ਹਮੇਸ਼ਾ ਲਈ ਦੁਨੀਆਂ ਦੇ ਇਤਿਹਾਸ ਵਿੱਚ ਕਲਮਬੱਧ ਹੋ ਗਈ। ਇਸ ਘਟਨਾ ਨੇ ਅੰਗਰੇਜ਼ੀ ਸਾਮਰਾਜ ਦੇ ਬਹੁਤ ਸਾਰੇ ਪੱਖਾਂ ਨੂੰ ਲੋਕਾਈ ਅੱਗੇ ਰੱਖਿਆ। ਜਿੱਥੇ ਇਸ ਘਟਨਾ ਨੇ ਕੂਕਾ ਪੰਥ ਨੂੰ 66 ਸ਼ਹੀਦ ਅਜਿਹੇ ਦਿੱਤੇ, ਜਿਨ੍ਹਾਂ ਨੇ ਮਰਨ ਤੋਂ ਪਹਿਲਾਂ ਤੋਪਾਂ ਅੱਗੇ ਖੜ੍ਹ ਕੇ ਤਾਂ ਆਪਣੇ ਆਪ 'ਤੇ ਮਾਣ ਕੀਤਾ, ਉਥੇ ਹੀ ਬਾਅਦ ਦੇ ਸਮੇਂ ਵਿੱਚ ਭਾਰਤ ਅੰਦਰ ਦੇਸ਼ ਭਗਤਾਂ ਨੇ ਇਹਨਾਂ ਕੂਕਿਆਂ ਦੀ ਨਿਡਰਤਾ ਅਤੇ ਅਡੋਲਤਾ ਨੂੰ ਵੀ ਆਪਣੇ ਮਨਾਂ ਵਿੱਚ ਵਸਾਇਆ ਅਤੇ ਇਸ ਤੋਂ ਹਮੇਸ਼ਾ ਪ੍ਰੇਰਨਾ ਲੈਂਦੇ ਰਹੇ ਤੇ ਦੇਸ ਦੀ ਆਜ਼ਾਦੀ ਲਈ ਫਾਸੀਆਂ ਤੇ ਝੂਟ ਗਏ। ਦੂਸਰੇ ਪਾਸੇ ਇਹ ਘਟਨਾ ਚਰਚਾ ਦਾ ਵਿਸ਼ਾ ਇਸ ਲਈ ਬਣ ਗਈ ਕਿਉਂਕਿ ਇਹ ਸਿੱਧੇ ਤੌਰ ਤੇ ਉਸ ਅੰਗਰੇਜ਼ੀ ਕੌਮ ਨਾਲ ਸੰਬੰਧਿਤ ਸੀ ਜੋ ਏਸ਼ੀਅਨ ਦੇਸ਼ਾਂ ਉੱਪਰ ਇਸ ਸਿਧਾਂਤ ਅਧੀਨ ਰਾਜ ਕਰ ਰਹੀ ਸੀ ਕਿ, ਇਹ ਦੇਸ਼ ਜਾਂ ਲੋਕ ਅਸੱਭਿਅਕ ਹਨ ਅਤੇ ਈਸ਼ਵਰ ਨੇ ਉਹਨਾਂ (ਅੰਗਰੇਜ਼ਾਂ) ਦੀ ਡਿਊਟੀ ਜਾਂ ਜ਼ਿੰਮੇਵਾਰੀ ਇਹਨਾਂ ਲੋਕਾਂ ਨੂੰ ਸੱਭਿਅਕ ਬਣਾਉਣ ਲਈ ਲਗਾਈ ਹੈ। ਇਸ ਲਈ ਉਨ੍ਹਾਂ ਦਾ ਖੁਦ ਹੀ ਅਸੱਭਿਅਕ ਸਮਾਜ ਵਾਂਗੂ ਵਹਿਸ਼ੀਆਨਾ ਵਿਵਹਾਰ ਕਰਨਾ, ਉਸ ਕੌਮ ਦੀ ਕਾਰੁਗਜ਼ਾਰੀ ਉੱਪਰ ਸਿੱਧਾ ਸਵਾਲੀਆ ਨਿਸ਼ਾਨ ਸੀ ਜੋ ਆਪਣੇ ਆਪ ਨੂੰ ਸੱਭਿਅਕ ਦੱਸਦੀ ਸੀ।

ਇਸ ਤਰ੍ਹਾਂ ਮਲੇਰਕੋਟਲਾ ਵਿੱਚ ਦਿੱਤੀਆਂ ਗਈਆਂ ਇਹ ਮੌਤ ਦੀਆਂ ਸਜਾਵਾਂ ਜਿੱਥੇ ਕੂਕਿਆਂ ਦੁਆਰਾ ਤਾਂ ਸ਼ਹਾਦਤ ਦੇ ਪਵਿੱਤਰ ਨਿਯਮ ਅਧੀਨ ਮਾਣ ਨਾਲ ਕਬੂਲ ਕਰ ਲਈਆਂ ਗਈਆਂ ਪਰ ਆਪਣੇ ਆਪ ਨੂੰ ਸੱਭਿਅਕ ਦੱਸਣ ਵਾਲੀ ਅੰਗਰੇਜ਼ ਕੌਮ ਲਈ ਇਹਨਾਂ ਸਜਾਵਾਂ ਨਾਲ ਜੁੜੇ ਜ਼ਿੰਮੇਵਾਰ ਅਧਿਕਾਰੀਆਂ ਦੀਆਂ ਇਹਨਾਂ ਕਾਰਵਾਈਆਂ ਨੂੰ ਚੁੱਪ-ਚਪੀਤੇ ਕਬੂਲ ਕਰਨਾ ਬਹੁਤ ਮੁਸ਼ਕਿਲ ਜਾਪਣ ਲੱਗਾ।

ਅੰਗਰੇਜ਼ਾਂ ਦੇ ਸੱਭਿਅਕ ਹੋਣ ਦੇ ਨਾਲ-ਨਾਲ ਜ਼ਿੰਮੇਵਾਰ ਹੋਣ ਦੀਆਂ ਵਿਚਾਰਧਾਰਾਵਾਂ ਨੇ ਇਸ ਘਟਨਾ ਰਾਹੀਂ ਦੋ ਤਰ੍ਹਾਂ ਦੇ ਵਿਚਾਰ ਪੈਦਾ ਕੀਤੇ। ਜਿਨ੍ਹਾਂ ਵਿਚੋਂ ਇੱਕ ਦਾ ਤਾਂ ਇਹ ਮੰਨਣਾ ਸੀ ਕਿ ਇਸ ਘਟਨਾ ਨੂੰ ਅੰਜਾਮ ਦੇਣ ਕਾਰਨ ਹੀ ਪੰਜਾਬ ਨੂੰ ਅੰਗਰੇਜ਼ੀ ਹਕੂਮਤ ਲਈ ਬਚਾਇਆ ਜਾ ਸਕਦਾ ਸੀ ਕਿਉਂਕਿ ਜੇ ਇਸ ਤਰ੍ਹਾਂ ਦੇ ਕਦਮ ਨਾ ਚੁੱਕੇ ਜਾਂਦੇ ਤਾਂ ਬਗਾਵਤ ਹੋਰ ਫੈਲਣੀ ਸੀ। ਇਸ ਲਈ ਇਸ ਕਦਮ ਨੂੰ ਸਾਕਾਰਾਤਮਿਕ ਤਰੀਕੇ ਨਾਲ ਵੇਖਿਆ ਜਾਣਾ ਚਾਹੀਦਾ ਹੈ।

ਉਥੇ ਦੂਸਰਾ ਵਰਗ ਉਹ ਸੀ ਜਿਸ ਨੇ ਇਹ ਵਿਚਾਰ ਪੇਸ਼ ਕੀਤਾ ਕਿ ਜਦੋਂ ਬਗਾਵਤ ਪੂਰੀ ਤਰ੍ਹਾਂ ਕੰਟਰੋਲ ਕਰ ਲਈ ਗਈ ਸੀ ਤਾਂ ਇਹੋ ਜਿਹੇ ਕਦਮ ਚੁੱਕਣੇ ਬਿਲਕੁਲ ਜ਼ਿੰਮੇਵਾਰੀ ਤੋਂ ਮੂੰਹ ਫੇਰਨਾ ਸੀ ਅਤੇ ਦੂਸਰਾ ਜਿਸ ਡੀ.ਸੀ. ਕਾਵਨ ਨੇ ਇਹਨ੍ਹਾਂ ਸਜਾਵਾਂ ਨੂੰ ਅੰਜਾਮ ਦਿੱਤਾ, ਉਸ ਕੋਲ ਕਾਨੂੰਨ ਅਨੁਸਾਰ ਇਹ ਪਾਵਰ ਜਾਂ ਅਹੁਦਾ ਨਹੀਂ ਸੀ ਕਿ ਉਹ ਇਸ ਤਰ੍ਹਾਂ ਦੀ ਸਜ਼ਾ ਦੇ ਸਕਦਾ। ਇਸ ਤਰ੍ਹਾਂ ਇਹ ਦੋਵੇਂ ਤਰ੍ਹਾਂ ਦੇ ਵਿਚਾਰ ਉਸ ਸਮੇਂ ਬ੍ਰਿਟਿਸ ਲੋਕਾਂ ਵਿਚਕਾਰ ਵੇਖਣ ਲਈ ਮਿਲਦੇ ਸਨ। ਇਹਨਾਂ ਵਿਚਾਰਾਂ ਦੀ ਤਰਕਮਈ ਵਿਆਖਿਆ ਉਸ ਸਮੇਂ ਦੀਆਂ ਸਮਕਾਲੀ ਅਖ਼ਬਾਰਾਂ ਦੁਆਰਾ ਕੀਤੀ ਗਈ ਸੀ, ਜਿਸ ਨੇ ਇਸ ਘਟਨਾ ਦੇ ਪੱਖ ਅਤੇ ਵਿਰੋਧ ਵਿੱਚ ਵਿਚਾਰ ਪੇਸ਼ ਕੀਤੇ ਅਤੇ ਇਸ ਘਟਨਾਂ ਨਾਲ ਵੱਖ-ਵੱਖ ਪੱਖਾਂ ਨੂੰ ਉਜਾਗਰ ਕੀਤਾ ਅਤੇ ਚਰਚਾ ਦਾ ਵਿਸ਼ਾ ਬਣਾਇਆ।

ਜੇਕਰ ਅਸੀਂ ਇਸ ਘਟਨਾ ਜਾਂ ਸ਼ਹਾਦਤ ਦੀ ਪਿੱਠ

ਭੂਮੀ ਦੀ ਗੱਲ ਕਰੀਏ ਤਾਂ 17 ਜਨਵਰੀ 1872 ਨੂੰ ਮਲੇਰਕੋਟਲਾ ਵਿਖੇ 49 ਕੂਕਾ ਸਿੱਖਾਂ ਨੂੰ ਡੀ.ਸੀ ਲੁਧਿਆਣਾ ਕਾਵਨ ਦੁਆਰਾ ਬਗਾਵਤ ਦੇ ਦੋਸ਼ੀ ਮੰਨ ਕੇ ਤੋਪਾਂ ਅੱਗੇ ਖੜ੍ਹਾ ਕਰ ਕੇ ਜਿਉਂਦਿਆਂ ਨੂੰ ਉੱਡਾ ਦਿੱਤਾ ਗਿਆ ਅਤੇ ਇੱਕ ਕੂਕਾ ਬੱਚਾ ਬਿਸ਼ਨ ਸਿੰਘ ਜਿਸ ਨੇ ਕਾਵਨ ਦੀ ਦਾਹੜੀ ਪੁੱਟ ਕੇ ਉਸ ਦਾ ਗਲਾ ਘੁੱਟ ਦਿੱਤਾ ਸੀ ਉਸ ਨੂੰ ਤਲਵਾਰ ਨਾਲ ਵੱਢ ਕੇ ਸ਼ਹੀਦ ਕਰ ਦਿੱਤਾ ਗਿਆ ਅਤੇ ਇਸ ਤੋਂ ਅਗਲੇ ਦਿਨ 18 ਜਨਵਰੀ 1872 ਨੂੰ ਅੰਬਾਲਾ ਦੇ ਕਮਿਸ਼ਨਰ ਫਾਰਸਿਥ ਨੇ ਬਾਕੀ ਰਹਿੰਦੇ 16 ਕੂਕਾ ਸਿੱਖਾਂ ਨੂੰ ਤੋਪਾਂ ਅੱਗੇ ਖੜ੍ਹਾ ਕਰ ਬਿਲਕੁਲ ਕਾਵਨ ਵਾਲੀ ਵਿਧੀ ਰਾਹੀਂ ਉਡਾ ਦਿੱਤਾ।

ਹੁਣ ਅੱਗੇ ਅਸੀਂ ਗੱਲ ਕਰਦੇ ਹਾਂ ਕਿ ਉਸ ਸਮੇਂ ਦੇ ਬੁੱਧੀਜੀਵੀ ਵਰਗ ਨੇ ਆਪਣੇ ਅਖ਼ਬਾਰਾਂ ਰਾਹੀ ਕਿਸ ਤਰ੍ਹਾਂ ਇਸ ਘਟਨਾ ਦੀ ਅਲੋਚਨਾ ਕੀਤੀ ਜਾਂ ਅੰਗਰੇਜ਼ੀ ਅਫ਼ਸਰਾਂ ਦੇ ਇਸ ਕੰਮ ਨੂੰ ਸਲਾਹਿਆ।

ਅੰਗਰੇਜ਼ਾਂ ਨੇ ਭਾਰਤ ਉੱਪਰ ਰਾਜ ਕਰਨ ਲਈ ਇਕ ਵਿਚਾਰ ਦਾ ਨਿਰਮਾਣ ਕੀਤਾ ਜਿਸ ਦਾ ਪ੍ਰਚਾਰ ਉਨ੍ਹਾਂ ਭਾਰਤੀਆਂ ਵਿੱਚ ਕਰਨਾ ਆਰੰਭ ਕੀਤਾ। ਇਸ ਵਿਚਾਰ ਨੇ ਜਿੱਥੇ ਉਨ੍ਹਾਂ ਨੂੰ ਭਾਰਤੀਆਂ ਨਾਲੋਂ ਸਰਬ ਉੱਚ ਸਾਬਿਤ ਕਰਨਾ ਸੀ, ਉਥੇ ਉਨ੍ਹਾਂ ਦੀ ਰਾਜਭਾਗ ਜਾਂ ਪ੍ਰਸ਼ਾਸਨ ਨੂੰ ਸੰਭਾਲਣ ਅਤੇ ਚਲਾਉਣ ਵਿੱਚ ਮਦਦ ਕਰਨੀ ਸੀ। ਉਹ ਵਿਚਾਰ ਸੀ ਕਿ **ਪ੍ਰਮਾਤਮਾ ਨੇ ਅੰਗਰੇਜ਼ਾਂ (ਬ੍ਰਿਟਿਸ਼) ਨੂੰ ਇਹ ਜ਼ਿੰਮੇਵਾਰੀ (ਡਿਊਟੀ)ਦੇ ਕੇ ਇਸ ਧਰਤੀ ਤੇ ਭੇਜਿਆ ਹੈ ਕਿ ਉਹਨਾਂ ਦਾ ਅਸੱਭਿਅਕ ਕੌਮਾਂ ਉੱਪਰ ਰਾਜ ਕਰਨਾ ਲਾਜਮੀ ਹੈ ਤਾਂ ਜੋ ਉਹਨਾਂ ਨੂੰ ਇਸ ਰਾਜ ਅਧੀਨ ਸੱਭਿਅਕ ਬਣਾਇਆ ਜਾ ਸਕੇ।** ਇਸ ਵਿਚਾਰ ਦਾ ਪ੍ਰਚਾਰਕ ਭਾਰਤ ਦੇ ਬ੍ਰਿਟਿਸ਼ ਵਾਇਸਰਾਏ ਲਾਰਡ ਲਿਟਨ ਨੂੰ ਮੰਨਿਆਂ ਜਾਂਦਾ ਹੈ। ਇਸ ਤੋਂ ਬਾਅਦ ਚਾਰਲਸ ਹਕਾਂਟ ਜੋ ਇਕ Evangelical (ਕ੍ਰਮਕਾਂਡ ਦੀ ਥਾਂ ਈਸਾ ਅਤੇ ਬਾਈਬਲ ਵਿੱਚ ਜਿਆਦਾ ਵਿਸ਼ਵਾਸ ਰੱਖਣ ਵਾਲੇ ਸੁਧਾਰਕ) ਸਨ। ਉਹ ਇਸ ਗੱਲ ਦਾ ਕੱਟੜ ਸਮਰਥੱਕ ਸੀ ਕਿ ਇਸਾਈਅਤ ਭਾਰਤੀਆਂ ਨੂੰ ਸੱਭਿਅਕ ਬਣਾਉਣ ਲਈ ਸਭ ਤੋਂ ਜ਼ਿਆਦਾ ਜ਼ਰੂਰੀ ਹੈ। ਇਸ ਤੋਂ ਅਗਲਾ ਕੰਮ ਕ੍ਰਿਸਚੀਅਨ ਮਿਸਨਰੀਆਂ ਨੇ ਕੀਤਾ ਜਿਨ੍ਹਾਂ ਦਾ ਮੁੱਖ ਮਕਸਦ ਇਸਾਈ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਸੀ। ਉਹਨਾਂ ਦੁਆਰਾ ਇਸ ਗੱਲ ਦਾ ਖੁੱਲ੍ਹ ਕੇ ਪ੍ਰਚਾਰ ਕੀਤਾ ਜਾਂਦਾ ਕਿ ਭਾਰਤੀਆਂ ਲਈ ਜ਼ਰੂਰੀ ਹੈ ਕਿ ਉਹ ਇਸਾਈਅਤ ਨੂੰ ਅਪਣਾਉਣ ਅਤੇ ਇਸ ਰਸਤੇ ਉੱਪਰ ਚੱਲ ਕੇ ਹੀ ਉਹ ਸੱਭਿਅਕ ਬਣ ਸਕਦੇ ਹਨ। ਇਸਾਈਆਂ ਦੇ ਪ੍ਰਚਾਰ ਲਈ ਬ੍ਰਿਟਿਸ਼ ਸਰਕਾਰ ਦੁਆਰਾ ਭਾਰਤੀ ਲਈ ਬਣਨ ਵਾਲੇ ਸਾਲਾਨਾਂ ਕਾਨੂੰਨਾਂ ਵਿੱਚ ਖਾਸ ਬਜਟ ਰੱਖ ਕੇ ਆਰਥਿਕ ਮੱਦਦ ਕੀਤੀ ਜਾਂਦੀ ਸੀ।

ਹੁਣ ਜੇ ਕਰ ਅਸੀਂ ਗੱਲ ਕਰੀਏ ਕਿ ਜਿਸ ਇਸਾਈਅਤ ਦਾ ਗੱਲ ਕਰਦੇ ਇਹ ਅੰਗਰੇਜ਼ ਅਧਿਕਾਰੀ ਇਹ ਦਾਅਵਾ ਕਰਦੇ ਸਨ ਕਿ ਅਸੀਂ ਭਾਰਤੀਆਂ ਨੂੰ ਸੱਭਿਅਕ ਬਣਾਉਣ ਲਈ ਉਹਨਾਂ ਉੱਪਰ ਸ਼ਾਸ਼ਨ ਕਰ ਰਹੇ ਸਨ ਤਾਂ ਉਹ ਇਸਾਈਅਤ ਜਾ ਇਸਾਈ ਧਰਮ ਕਿਸੇ ਵੀ ਇਨਸਾਨ ਨੂੰ ਤੋਪਾਂ ਨਾਲ ਉਡਾ ਦੇਣ ਦੀ ਇਜ਼ਾਜ਼ਤ ਕਿਸ ਤਰ੍ਹਾਂ ਦੇ ਸਕਦਾ ਹੈ ਕਿਉਂਕਿ ਇਸਾਈਆਂ ਦੇ ਪੈਗੰਬਰ ਜਸੂ ਦਾ ਤਾਂ ਕਹਿਣਾ ਸੀ ਕਿ,

"ਉਹ ਲੋਕ ਧੰਨ ਹਨ ਜੋ ਦਿਆਲ ਹਨ, ਕਿਉਂਕਿ ਉਨ੍ਹਾਂ ਉੱਪਰ ਵੀ ਕੀਤੀ ਜਾਵੇਗੀ।"

ਉਹ ਅੱਗੇ ਕਹਿੰਦੇ ਹਨ।

"ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਂਦੇ ਹਨ ਉਨ੍ਹਾਂ ਲਈ ਪ੍ਰਾਥਨਾ ਕਰੋ"

ਜੱਸੂ ਲੋਕਾਂ ਦੁਆਰਾ ਕਿਸੇ ਅਪਰਾਧੀ ਦੇ ਪੱਥਰ ਮਾਰਨ ਬਾਰੇ ਕਹਿੰਦੇ ਹਨ ਕਿ,

"ਉਹ ਵਿਅਕਤੀ ਪੱਥਰ ਮਾਰੇ ਜਿਸ ਨੇ ਕਦੇ ਵੀ ਖੁਦ ਇੱਕ ਵੀ ਪਾਪ ਨਾ ਕੀਤਾ ਹੋਵੇ।"

ਇਥੇ ਉਨ੍ਹਾਂ ਦਾ ਇਹ ਕਹਿਣ ਦਾ ਭਾਵ ਇਹ ਸੀ ਕਿ ਦੁਨੀਆਂ ਉੱਪਰ ਕੋਈ ਵੀ ਅਜਿਹਾ ਆਦਮੀ ਮੌਜੂਦ ਨਹੀਂ ਹੈ ਜਿਸ ਨੇ ਕਦੇ ਕੋਈ ਪਾਪ ਨਾ ਕੀਤਾ ਹੋਵੇ ਅਤੇ ਇਸ ਲਈ ਉਸ ਦੁਆਰਾ ਕਿਸੇ ਹੋਰ ਨੂੰ ਮਾਰਨਾ ਜਾਇਜ਼ ਨਹੀਂ ਕਿਹਾ ਜਾ ਸਕਦਾ।

ਇਸੇ ਤਰ੍ਹਾਂ ਆਧੁਨਿਕ ਭਾਵ 18 ਵੀਂ ਸਦੀ ਤੱਕ ਆਉਂਦੇ-ਆਉਂਦੇ ਇਸਾਈ ਧਰਮ ਨੇ ਮਨੁੱਖੀ ਸ਼ਜਾ ਬਾਰੇ ਬਹੁਤ ਸਾਰੀਆਂ ਗੱਲਾਂ ਨਿਰਧਾਰਿਤ ਕਰ ਦਿੱਤੀਆਂ ਸਨ। ਜਿਸ ਵਿੱਚ ਤਸੀਹੇ ਦੇਣਾ, ਅਮਨੁੱਖੀ ਸਜਾਵਾਂ ਅਤੇ ਮੌਤ ਦੀਆਂ ਸਜਾਵਾਂ ਆਦਿ ਨੂੰ ਬੰਦ ਕਰ ਦਿੱਤਾ ਗਿਆ ਸੀ। ਜਿਸ ਦਾ ਬਦਲ ਉਨ੍ਹਾਂ ਨੇ '**ਮੁੜਤੋਂ ਜਿੰਦਗੀ ਦੀ ਚੰਗੀ ਸ਼ੁਰੂਆਤ ਕਰਨ**' ਅਤੇ '**ਨਿਆਂ ਪਿਆਰ ਵਿੱਚ ਹੈ**' ਵਰਗੇ ਸਿਧਾਂਤਾਂ ਦਾ ਪ੍ਰਚਾਰ ਕਰ ਕੇ ਦਿੱਤਾ।

ਹੁਣ ਜੇਕਰ ਇਸਾਈਅਤ ਅਤੇ ਭਾਰਤੀ ਅੰਗਰੇਜ਼ ਪ੍ਰਸ਼ਾਸਨਿਕ ਅਧਿਕਾਰੀਆਂ ਵਿਚਕਾਰ ਵਿਚਾਰਧਾਰਕ ਤੁਲਨਾ ਦੀ ਗੱਲ ਕੀਤੀ ਜਾਵੇ ਤਾਂ ਇਹ ਬਿਲਕੁਲ ਉਲਟ ਸੀ।

ਇਹ ਬਿਲਕੁਲ ਉਸ ਤਰ੍ਹਾਂ ਸੀ ਜਿਵੇਂ ਹਾਥੀ ਦੇ ਦੰਦ ਦਿਖਾਉਣ ਨੂੰ ਹੋਰ ਤੇ ਖਾਣ ਨੂੰ ਹੋਰ। ਬ੍ਰਿਟਿਸ਼ ਪ੍ਰਸ਼ਾਸਨਿਕ ਰੂਪ ਇਸਾਈਅਤ ਦੇ ਦਿਆਲੂ ਸਿਧਾਂਤ ਨਾਲੋਂ ਅਮਲੀ ਰੂਪ ਵਿੱਚ ਬਿਲਕੁਲ ਭਿੰਨ ਰਿਹਾ। ਜਿਸ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਬ੍ਰਿਟਿਸ਼ ਭਾਰਤੀ ਇਤਿਹਾਸ ਵਿੱਚ ਮਿਲ ਜਾਂਦੀਆਂ ਹਨ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਭਾਰਤ ਉੱਪਰ ਰਾਜ ਕਰਨ ਵਾਲੇ ਜਾਂ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਵਿਚਾਰ ਜਸੂ ਦੀਆਂ ਸਿੱਖਿਆਵਾਂ ਦੇ ਬਿਲਕੁਲ ਉਲਟ ਸਨ। ਜੋ ਭਾਰਤੀਆਂ ਉੱਪਰ ਰਾਜ ਕਰਨ ਨੂੰ ਈਸਾਈਅਤ ਨਾਲੋਂ ਜਿਆਦਾ ਮਹੱਤਤਾ ਦਿੰਦੇ ਸਨ ਜਿਵੇਂ-

ਭਾਰਤ ਅੰਦਰ ਬ੍ਰਿਟਿਸ਼ ਮਿਲਟਰੀ ਕਮਾਂਡਰ ਰਹੇ ਸਰ ਆਇਰ ਕੂਟ ਨੇ ਇਹ ਸਟੇਟਮੈਂਟ ਦਿੱਤੀ ਸੀ ਕਿ

**'ਅਸੀਂ ਤਲਵਾਰ ਅਤੇ ਧੋਖੇ ਨਾਲ ਭਾਰਤ ਨੂੰ ਜਿੱਤਿਆ ਹੈ।'**

ਇਸ ਤਰ੍ਹਾਂ Lord Brentferd ਨੇ ਵੀ ਇਹ ਕਿਹਾ ਸੀ ਕਿ-

**"ਅਸੀਂ ਇੰਡੀਆ ਵੀ ਤਲਵਾਰ ਨਾਲ ਜਿੱਤਿਆ ਹੈ ਅਤੇ ਤਲਵਾਰ ਨਾਲ ਹੀ ਇਸ ਨੂੰ ਟਿਕਾ ਕੇ ਰੱਖਾਂਗੇ।"**

ਇਸ ਤਰ੍ਹਾਂ ਇਹ ਗੱਲ ਸਪੱਸ਼ਟ ਸੀ ਕਿ ਬ੍ਰਿਟਿਸ਼ ਅਧਿਕਾਰੀ ਭਾਰਤ ਉੱਪਰ ਰਾਜ ਕਰਨ ਲਈ ਦੋਹਰੇ ਮਾਪ-ਢੰਡ ਆਪਣਾ ਰਹੇ ਸਨ। ਆਪਣੇ ਆਪ ਨੂੰ ਸਹੀ ਅਤੇ ਭਾਰਤੀਆਂ ਲਈ ਲਾਭਕਾਰੀ ਜਾਂ ਹਿੱਤਕਾਰੀ ਪੇਸ਼ ਕਰਨ ਲਈ ਉਹ ਇਸਾਈਅਤ ਦੇ ਨਿਯਮਾਂ ਦੀ ਵਿਆਖਿਆ ਅਤੇ ਪ੍ਰਚਾਰ ਕਰਦੇ ਅਤੇ ਭਾਰਤੀਆਂ ਨੂੰ ਰੂਲ ਕਰਨ ਲਈ ਉਹ ਤਲਵਾਰ ਦੀ ਵਰਤੋਂ ਨੂੰ ਅਹਿਮੀਅਤ ਦਿੰਦੇ ਸਨ।

1872 ਵਿੱਚ ਮਲੇਰਕੋਟਲਾ ਵਿੱਚ ਹੋਈ ਘਟਨਾ ਨੂੰ ਜਦੋਂ ਅਖਬਾਰਾਂ ਦਾ ਹਿੱਸਾ ਬਣਾਇਆ ਗਿਆ ਤਾਂ ਇਸ ਵਿੱਚ ਕਾਵਨ ਅਤੇ ਫਾਰਸਿਥ ਦੇ ਕਾਰਨਾਮਿਆਂ ਨੂੰ ਵੱਖਰੇ-ਵੱਖਰੇ ਢੰਗ ਨਾਲ ਪੇਸ਼ ਕੀਤਾ ਗਿਆ। ਜਿਸ ਵਿੱਚ ਬਹੁਤ ਸਾਰੇ ਪੱਖਾਂ ਨੂੰ ਵਿਸ਼ਾ ਬਣਾ ਕੇ ਉਹਨਾਂ ਉੱਪਰ ਟਿੱਪਣੀਆਂ ਕੀਤੀਆਂ ਗਈਆਂ: ਜਿਵੇਂ

-ਬਿਨਾਂ ਅਦਾਲਤੀ ਕਾਰਵਾਈ ਦੇ ਸ਼ਜਾ ਦਿੱਤੀ ਗਈ।

-ਫਾਂਸੀ ਦੀ ਥਾਂ ਤੋਪਾਂ ਅੱਗੇ ਉਡਾਉਣ ਦੀ ਵਹਿਸ਼ੀਆਨਾ ਸ਼ਜਾ ਕਿਉਂ ?

-ਕਾਵਨ ਕੋਲ ਸ਼ਜਾ ਦੇਣ ਦਾ ਅਧਿਕਾਰ ਨਹੀਂ ਸੀ।

-ਕੂਕੇ ਮੌਤ ਦੀ ਸ਼ਜਾ ਦੇ ਹੱਕਦਾਰ ਨਹੀਂ ਸਨ।

-ਸੱਭਿਅਕ ਦੇਸ਼ਾਂ ਵਿੱਚ ਅੰਗਰੇਜ਼ਾਂ ਦੀ ਬਦਨਾਮੀ।

ਇਹਨਾਂ ਹੀ ਮੁੱਖ ਪਹਿਲੂਆਂ ਅਧੀਨ ਕੂਕਿਆਂ ਨੂੰ ਤੋਪਾਂ ਨਾਲ ਉਡਾ ਦੇਣ ਵਾਲੀ ਘਟਨਾ ਦੀ ਵੱਖਰੀ-ਵੱਖਰੀ ਤਰ੍ਹਾਂ ਨਾਲ ਵਿਆਖਿਆ ਕੀਤੀ ਗਈ:

***The Hindu Patriot***[1] ਇਸ ਨੇ 1872 ਵਿੱਚ ਕੂਕਿਆਂ ਦੀ ਸਮੂਹਿਕ ਹੱਤਿਆ ਦੀ ਨਿਖੇਧੀ ਕੀਤੀ।। ***The Hindu Patriat*, 29 Jan 1872**ਨੂੰ ਲਿਖਦਾ ਹੈ ਕਿ

"ਸਾਨੂੰ ਪਤਾ ਹੈ ਕਿ ਕੂਕਿਆਂ ਨਾਲ ਨਿਬੜਦਿਆਂ ਅਸੀਂ
ਇੱਕ ਕੱਟੜ ਸੰਪਰਦਾਇ
ਨਾਲ ਨਿਪਟ ਰਹੇ ਹੁੰਦੇ ਹਾਂ ਪਰ ਅਸੀਂ ਖੁਦ ਨੂੰ ਵਹਿਸ਼ੀ
ਦੈਂਤ ਨਹੀਂ ਅਖਵਾ ਸਕਦੇ।"

ਅਖ਼ਬਾਰ ਅੱਗੋਂ **ਮਿਸਟਰ ਸਟੀਫਨ** ਦੀ ਟਿੱਪਣੀ ਦਿੰਦਾ ਆਖਦਾ ਹੈ ਜੋ ਕਿ 1872 ਨੂੰ ਇੰਡੀਆ ਵਿੱਚ ਵਾਇਸਰਾਏ ਦੀ ਐਗਜੀਕਿਊਟਿਵ ਕੌਂਸਲ ਦਾ ਲੀਗਲ ਮੈਂਬਰ ਸੀ।

**"ਇਨਸਾਫ਼ ਉਹ ਚਟਾਨ ਹੈ, ਜਿਸ ਉੱਤੇ ਪੂਰਬ ਵਿੱਚ ਬ੍ਰਿਟਿਸ਼ ਸਾਮਰਾਜ ਦੀ ਸਥਿਰਤਾ ਕਾਇਮ ਹੈ, ਭਾਵੇਂ ਜੋ ਮਰਜ਼ੀ ਹੋ ਜਾਵੇ, ਸਾਨੂੰ ਆਸ ਹੈ ਕਿ ਸਾਡੇ ਹਾਕਮ ਇਸ ਤੋਂ ਪਿੱਛੇ ਨਹੀਂ ਹਟਣਗੇ।ਪੰਜਾਬ ਵਿੱਚ ਕੂਕਿਆਂ ਦਾ ਖ਼ਤਰਾ ਗੰਭੀਰ ਹੋ ਸਕਦਾ ਹੈ ਪਰ ਇਨਸਾਫ਼ ਦੇ ਹਿੱਤ ਉਸ ਤੋਂ ਵੀ ਜਿਆਦਾ ਗੰਭੀਰ ਹਨ।"**

***The Hindu Patriat*, 29 Jan 1872**

ਮਲੇਰਕੋਟਲਾ ਵਿੱਚ 9 ਤੋਪਾਂ ਬੀੜੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ 7 ਤੋਪਾਂ ਨੂੰ ਮੌਤ ਦੀ ਸ਼ਜਾ ਦੇਣ ਲਈ ਰੱਖਿਆ ਗਿਆ ਸੀ। ਜਦ ਕੇ 2 ਨੇ ਪਰੇਡ ਨੂੰ ਕਵਰ ਕਰ ਕੇ ਉਸ ਦੀ ਸੁਰੱਖਿਆ ਕਰਨੀ ਸੀ। ਥਲ ਸੈਨਾਂ ਦੀਆਂ 6 ਕੰਪਨੀਆਂ ਅਤੇ 400 ਘੋੜਸਵਾਰਾਂ ਨੇ ਮੈਦਾਨ ਦੀ ਰਾਖੀ ਕੀਤੀ। ਦੇਖਣ ਵਾਲਿਆਂ ਵਿੱਚ ਮਲੇਰਕੋਟਲਾ ਅਤੇ ਲਾਗਲੇ ਕਸਬਿਆਂ ਤੇ ਪਿੰਡਾਂ ਦੇ ਸਾਰੇ ਹੀ ਮਰਦ ਸ਼ਾਮਿਲ ਸਨ ਅਤੇ ਬਹੁਤ ਸਾਰੀਆਂ ਔਰਤਾਂ ਵੀ ਸਨ। ਉੱਥੇ ਜੋ ਕੁਝ ਵੀ ਵਾਪਰਿਆ, ਉਹ ਉਨ੍ਹਾਂ ਨੇ ਡਰ ਤੇ ਭੈਅ ਨਾਲ ਤੱਕਿਆ।

**The Englishmen[2]** 31 Jan 1872

"ਇਹ ਬਹਾਦਰ ਫੌਜੀ ਜਵਾਨਾਂ ਦੀ ਆਦਤ ਨਹੀਂ ਹੁੰਦੀ ਅਤੇ ਇਹ ਕੋਈ ਸੱਭਿਅਕ ਨਿਯਮ ਵੀ ਨਹੀਂ ਹੈ ਕਿ ਜੰਗ ਖ਼ਤਮ ਹੋਣ ਤੋਂ ਬਾਅਦ ਜਦੋਂ ਕਿਸੇ ਤੋਂ ਕੋਈ ਡਰ ਨਹੀਂ ਰਹਿ ਗਿਆ ਹੋਵੇ ਤਾਂ ਬਿਨ੍ਹਾਂ ਕੋਈ ਦੋਸ਼ ਲਾਇਆਂ 49 ਵਿਅਕਤੀਆਂ ਨੂੰ ਇੰਝ ਵਹਿਸ਼ੀਆਨਾ ਤਰੀਕੇ ਨਾਲ ਤੋਪਾਂ ਨਾਲ ਉਡਾ ਕੇ ਮਾਰ ਮੁਕਾਇਆ ਜਾਵੇ। ਜਦ ਕਿ ਇਹ ਕੁਝ ਕੱਟੜ ਲੋਕਾਂ ਦੀ ਬਗਾਵਤ ਸੀ।"

***Friends of India***[3] ਉਸ ਸਮੇਂ ਕਾਵਨ ਵਿਰੁੱਧ

ਚੱਲ ਰਹੇ ਨਾਂਹਪੱਖੀ ਬਿਰਤਾਂਤ ਦੇ ਖਿਲਾਫ ਵਿਅੰਗਮਈ ਟਿੱਪਣੀ ਕਰਦਾ ਹੋਇਆ ਕੂਕਿਆਂ ਵਿਰੁੱਧ ਕਾਵਨ ਦੁਆਰਾ ਕੀਤੀ ਗਈ ਕਾਰਵਾਈ ਨੂੰ ਸਹੀ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਹ ਲਿਖਦਾ ਹੈ:-

"49 ਵਿਅਕਤੀਆਂ ਨੂੰ ਬੇਰਹਿਮੀ ਨਾਲ ਤੋਪਾਂ ਨਾਲ ਉਡਾ ਦੇਣ ਬਾਰੇ ਸੋਚਣ ਵਿੱਚ ਕੁਝ ਵੀ ਚੰਗਾ ਨਹੀਂ ਲੱਗਦਾ, ਉਹਨਾਂ ਬਗ਼ਾਵਤ ਤੋਂ ਬਿਨਾਂ ਹੋਰ ਕਿਹੜੀ ਵਧੀਕੀ ਕੀਤੀ ਸੀ।"

***Friend of India (*1 Feb 1871)**

ਬਗ਼ਾਵਤ ਵਿੱਚ ਮਾਰੇ ਗਏ ਕੂਕਾ ਸਿੱਖਾਂ ਨੂੰ ਗਲਤ ਸਾਬਿਤ ਕਰਨ ਤੋਂ ਬਾਅਦ ਆਮ ਆਗਿਆਕਾਰੀ ਪਰਜ਼ਾ ਅੱਗੇ ਅੰਗਰੇਜ਼ੀ ਸ਼ਾਸ਼ਨ ਦਾ ਦਿਆਲੂ ਅਤੇ ਜ਼ਿੰਮੇਵਾਰ ਰੂਪ ਪੇਸ਼ ਕਰਦਾ ਹੋਇਆ ਇਹ ਅਖ਼ਬਾਰ ਲਿਖਦਾ ਹੈ:

"ਭਾਰਤ ਵਿੱਚ ਇੰਗਲੈਂਡ ਦਾ ਇੱਕ ਫਰਜ਼ ਇਹ ਵੀ ਹੈ ਕਿ ਉਹ ਕਿਸੇ ਪੂਰਬੀ ਦੇਸ਼ ਨੂੰ ਮਨੁੱਖੀ ਜੀਵਨ ਦੀ ਕੀਮਤ ਬਾਰੇ ਪੱਛਮੀ ਦੇਸ਼ਾਂ ਦੇ ਵਿਚਾਰ ਤੋਂ ਜਾਣੂ ਕਰਵਾਏ। ਪੱਛਮੀ ਦੇਸ਼ ਬਹੁਤ ਜ਼ਾਲਮ ਹਨ ਪਰ ਅਜਿਹਾ ਕੋਈ ਸੱਭਿਅਕ ਦੇਸ਼ ਨਹੀਂ ਹੈ, ਜਿੱਥੇ ਕਿਸੇ ਆਮ ਮਨੁੱਖ ਦਾ ਜੀਵਨ ਵੀ ਕਾਨੂੰਨ ਸਾਹਮਣੇ ਮਹਾਰਾਜੇ ਜਾਂ ਮਹਾਰਾਣੀ ਜਿੰਨਾਂ ਪਾਕ ਸਾਫ਼ ਨਾ ਮੰਨਿਆ ਜਾਂਦਾ ਹੋਵੇ।"

ਅਖ਼ਬਾਰਾਂ ਵੱਲੋਂ ਕਾਵਨ ਅਤੇ ਫਾਰਸਿਥ ਦੀਆਂ ਕੀਤੀਆਂ ਗਈਆਂ ਕਾਰਵਾਈਆਂ ਤੇ ਲਗਾਤਾਰ ਅਲੋਚਲਨਾਵਾਂ ਹੋ ਰਹੀਆਂ ਸਨ। ਇਸ ਲਈ ਉਹਨਾਂ ਦਾ ਪੱਖ ਪੂਰਨ ਲਈ 'ਦਾ ਫਰੈਂਡਜ਼ ਆਫ ਇੰਡੀਆ' ਉਹਨਾਂ ਅਧਿਕਾਰੀਆ ਦਾ ਸਾਕਾਰਤਮਿਕ ਪੱਖ ਰੱਖ ਰਿਹਾ ਸੀ ਜਿਸ ਰਾਹੀਂ ਉਨ੍ਹਾਂ ਦਾ ਬਚਾਅ ਕੀਤਾ ਜਾ ਰਿਹਾ ਸੀ। ਜਦੋਂ ਦੂਸਰੀਆਂ ਅਖ਼ਬਾਰਾਂ ਲਿਖ ਰਹੀਆਂ ਸਨ ਕਿ,

'ਤੋਪਾਂ ਨਾਲ ਕੂਕਿਆਂ ਨੂੰ ਉੱਡਾ ਕੇ ਅਸੀਂ ਇੰਗਲੈਂਡ ਦੀ ਸੱਭਿਅਤਾ ਨੂੰ ਬੇ-ਰਹਿਮੀ ਅਤੇ ਜੰਗਲੀਪੁਣੇ ਦੇ ਸਮਿਆਂ ਵੱਲ ਵਾਪਸ ਲਿਜਾ ਰਹੇ ਹਾਂ'।

ਤਾਂ 'ਦਾ ਫਰੈਂਡਜ਼ ਆਫ ਇੰਡੀਆ' ਲਿਖ ਰਿਹਾ ਸੀ ਕਿ-

'ਸਾਨੂੰ ਇਸ ਗੱਲ ਵਿੱਚ ਭੋਰਾ ਵੀ ਸ਼ੱਕ ਨਹੀਂ ਹੈ ਕਿ ਇੱਕ ਬਹੁਤ ਭਿਆਨਕ ਕਿਸਮ ਦੀ ਬਗ਼ਾਵਤ ਨੂੰ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਗਿਆ। ਫਾਰਸਿਥ ਅਤੇ ਕਾਵਨ ਜਿਹੇ ਅਧਿਕਾਰੀਆਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਨਾ ਬਣਦਾ ਹੈ ਅਤੇ ਭਾਰਤ ਵਿੱਚ ਅੰਗਰੇਜ਼ ਭਾਈਚਾਰੇ ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਉਨ੍ਹਾਂ ਕਿੰਨੇ ਮਹਾਨ ਹੌਸਲੇ ਨਾਲ 49 ਮਨੁੱਖਾਂ ਨੂੰ ਮੌਤ ਦੀ ਸਜਾ ਦੀ ਭਾਰੀ ਜ਼ਿੰਮੇਵਾਰੀ ਆਪਣੇ ਉੱਤੇ ਲਈ।... ਸਾਨੂੰਪੂਰੀ ਆਸ ਹੈ ਕਿ ਲਾਰਡ ਮਾਓ ਹੁਣ ਕਾਵਨ ਵਲੋਂ ਚੁੱਕੇ ਗਏ ਕਦਮਾਂ ਦੀ ਪੁਸ਼ਟੀ ਕਰ ਕੇ ਇਨ੍ਹਾਂ ਅਧਿਕਾਰੀਆਂ ਦੇ ਹੱਥ ਮਜ਼ਬੂਤ ਕਰਨਗੇ। ਇਸ ਦੇਸ਼ ਦੇ ਨਾਗਰਿਕਾਂ ਨੂੰ ਇਹ ਵਿਖਾਉਣਾ ਚਾਹੀਦਾ ਹੈ ਕਿ ਸਰਗਰਮ ਬਾਗੀਆਂ ਨਾਲ ਬਿਲਕੁਲ ਕੋਈ ਨਰਮੀ ਨਹੀਂ ਵਰਤੇਗੀ ਭਾਵੇਂ ਉਹ ਸਿੱਖ ਹੋਣ ਤੇ ਭਾਵੇਂ ਉਹ ਮੁਸਲਿਮ'।

***The Englishman*10 Feb 1872**

ਇਹਨਾਂ ਕਾਵਨ ਦਾ ਪੱਖ ਪੂਰਨ ਵਾਲੀਆਂ ਅਖ਼ਬਾਰਾਂ ਦੇ ਵਿਰੋਧ ਵਿੱਚ ਕੁਝ ਅਖ਼ਬਾਰਾਂ ਲਿਖ ਰਹੀਆਂ ਸਨ ਜਿਨ੍ਹਾਂ ਦਾ ਮਕਸਦ ਬ੍ਰਿਟਿਸ਼ ਸਾਮਰਾਜ ਨੂੰ ਨਿਆਂਵਾਦੀ ਤੌਰ ਤੇ ਦੁਨੀਆਂ ਅਤੇ ਖਾਸ ਤੌਰ ਤੇ ਭਾਰਤੀਆਂ ਅੱਗੇ ਪੇਸ਼ ਕਰਨਾ ਸੀ ਤਾਂ ਜੋ ਭਾਰਤੀਆਂ ਜਾਂ ਪ੍ਰਜਾ ਨੂੰ ਇਹ ਮਹਿਸੂਸ ਨਾ ਹੋਵੇ ਕਿ ਬ੍ਰਿਟਿਸ਼ ਉਹਨਾਂ ਨਾਲ ਕਿਸੇ ਤਰ੍ਹਾਂ ਦਾ ਧੱਕਾ ਕਰ ਰਹੇ ਹਨ, ਇਸ ਲਈ ਉਹਨਾਂ ਨੇ ਬ੍ਰਿਟਿਸ਼ ਸਰਕਾਰ ਦੇ ਅਕਸ਼ ਨੂੰ ਚੰਗਾ ਦਰਸਾਇਆ।

"ਸ੍ਰੀ ਕਾਵਨ ਦੀ ਦੋਸ਼ ਮੁਕਤੀ ਵਿੱਚ ਅਸੀਂ ਜੋ ਕੁਝ ਵੀ ਵੇਖਿਆ ਉਸ ਤੋਂ ਉਹ ਸੰਭਾਵੀ ਅਸਥਿਰ ਕਿਸਮ ਦੇ ਕਿਰਦਾਰ ਦੇ ਮਾਲਕਹੀ ਸਾਬਿਤ ਹੋਏ ਹਨ... ਇੱਕ ਸਿਵਲ ਅਧਿਕਾਰੀ (ਕਾਵਨ) ਨੇ ਬੇਰਹਿਮੀ ਨਾਲ ਇੱਕੋ ਵਾਰ ਵਿੱਚ ਲੋਕਾਂ ਨੂੰ ਤੋਪਾਂ ਨਾਲ ਉੱਡਾ ਦਿੱਤਾ, ਇੱਕੋ ਵਾਰੀ ਇੰਨੀ ਵੱਡੀ ਗਿਣਤੀ ਵਿੱਚ ਤਾਂ ਕਦੇ ਵੱਡੇ ਗ਼ਦਰ (1857) ਵੇਲੇ ਦੀ ਮੌਤ ਦੀ ਸਜ਼ਾ ਨਹੀਂ ਦਿੱਤੀ ਗਈ ਜਦੋਂ ਸਾਮਰਾਜ ਦੀਆਂ ਜੜ੍ਹਾਂ ਹੀ ਸਾਡੇ ਪੈਰਾਂ ਹੇਠੋਂ ਨਿਕਲਦੀਆਂ ਵਿਖਾਈ ਦੇ ਰਹੀਆਂ ਸਨ। ਕਿਸੇ ਪਹਿਲੀ ਹੀ ਕੋਸ਼ਿਸ਼ ਮੌਕੇ ਉਨ੍ਹਾਂ (ਕੂਕਿਆਂ) ਨੂੰ ਤੋਪਾਂ ਦੇ ਮੂੰਹ ਅੱਗੇ ਖੜ੍ਹਾ ਕੇ ਉੱਡਾ ਦੇਣਾ ਅਤੇ ਮੌਤ ਦੀ ਸਜ਼ਾ ਵਾਲੀ ਥਾਂ ਨੂੰ ਬੁੱਚੜਖਾਨਾ ਬਣਾ ਦੇਣਾ, ਕੀ ਸਰਕਾਰ ਅਜਿਹੀ ਹੁੰਦੀ ਹੈ?"

'ਬਗ਼ਾਵਤ ਦੇ ਖਤਰੇ ਦਾ ਟਾਕਰਾ ਕਰਨ ਲਈ ਹਰ ਥਾਂ ਤੇ ਲੋਕ ਸਨ ਤੇ ਇਸ ਮਾਮਲੇ ਦਾ ਸਭ ਤੋਂ ਭੈੜਾ ਪੱਖ ਇਹੋ ਹੈ ਕਿ ਸਿਰਫ ਇੱਕ ਵਿਅਕਤੀ (ਕਾਵਨ) ਦੀ ਮਰਜੀ ਨਾਲ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ। ਭਾਰਤ ਵਿੱਚ ਇਹੋ ਚੀਜ਼ ਵਾਰ-ਵਾਰ ਵਾਪਰ ਰਹੀ ਹੈ ਅਤੇ ਇਸ ਕਸਾਈਪੁਣੇ ਵੱਲ ਕਦੇ ਕਿਸੇ ਦਾ ਖਿਅਲ ਨਹੀਂ ਗਿਆ। ਭਾਰਤ ਵਿਚ ਸਾਡੀ ਸਥਿਤੀ ਦੀ ਕੋਈ ਕੀਮਤ ਨਹੀਂ ਹੈ ਪਰ ਸੱਭਿਅਕ ਦੇਸ਼ਾਂ ਵਿਚ ਸਾਡੀ ਸਥਿਤੀ ਦੀ ਕਦਰ ਹੈ।'

***The Englishman*8Feb 1872**

ਕਾਵਨ ਦੁਆਰਾ ਇਹ ਗੱਲ ਆਖੀ ਜਾਂਦੀ ਰਹੀ ਕਿ ਉਸ ਦੁਆਰਾ ਮਾਰੇ ਗਏ ਕੂਕਿਆਂ ਨੇ ਇਹ ਇਕਬਾਲ ਕਰ

ਲਿਆ ਸੀ ਕਿ ਉਹ ਦੋਵਾਂ ਘਟਨਾਵਾਂ (ਮਲੌਦ ਅਤੇ ਮਲੇਕੋਟਲਾ) ਵਿਚ ਸ਼ਾਮਿਲ ਸਨ ਪਰ ਇਸ ਦਾ ਕੋਈ ਲਿਖਤੀ ਸਬੂਤ ਕਾਵਨ ਪੇਸ਼ ਨਹੀਂ ਕਰ ਸਕਿਆ, ਇਸ ਉਪਰ ਕਿੰਤੂ ਪ੍ਰੰਤੂ ਕਰਦਾ ਹੋਇਆ 8 ਫਰਵਰੀ 1872 ਦਾ ***The Friend of India*** ਲਿਖਦਾ ਹੈ-ਇਹ ਆਖਣਾ ਬਹੁਤ ਸੁਖਾਲਾ ਹੈ ਕਿ 50 ਆਦਮੀਆਂ ਨੇ ਦੋ ਹਮਲਿਆਂ ਵਿਚ ਸ਼ਾਮਿਲ ਹੋਣ ਦਾ ਆਪਣਾ ਗੁਨਾਹ ਇਕਬਾਲ ਕਰ ਲਿਆ ਹੈ ਪਰ ਇਹ ਅੰਗਰੇਜ਼ ਦੀ ਆਦਤ ਹੈ ਕਿ ਉਹ ਅਜਿਹੇ ਇਕਬਾਲ ਦਾ ਵਾਜਬ ਰਿਕਾਰਡ ਬਣਾ ਕੇ ਰਖਦੇ ਹਨ ਅਤੇ ਫਿਰ ਕਾਨੂੰਨ ਅਨੁਸਾਰ ਕਾਰਵਾਈ ਕਰਦੇ ਹਨ ਪਰ ਸ੍ਰੀ ਕਾਵਨ ਨੇ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਕੀਤੀ।

ਬਹੁਤ ਸਾਰੀਆਂ ਅਖ਼ਬਾਰਾਂ ਨੇ ਕਾਵਨ ਦਾ ਪੱਖ ਪੂਰਦਿਆਂ ਬਿਨਾਂ ਕਿਸੇ ਬੁਨਿਆਦੀ ਤਰਕ ਦੇ ਉਸ ਦੀ ਹਮਾਇਤ ਵਿੱਚ ਲਿਖਿਆ, ਜਿਸ ਦੀਆਂ ਕੁਝ ਵੰਨਗੀਆਂ ਹੇਠ ਲਿਖੀਆਂ ਹਨ:

***The Daily Examiner*** "ਅਧਿਕਾਰੀਆਂ ਨੇ ਬਗ਼ਾਵਤ ਦੀ ਇਸ ਕੋਸ਼ਿਸ਼ ਵਿਰੁੱਧ ਜਿੰਨੀ ਮੁਸਤੈਦੀ ਨਾਲ ਕਾਰਵਾਈ ਕੀਤੀ ਉਸ ਤੋਂ ਸਾਹਮਣੇ ਆਉਣ ਵਾਲੀ ਗੰਭੀਰ ਔਕੜ ਤੋਂ ਬਚਾਅ ਹੋ ਗਿਆ।"

***The Englishman*** "ਇਸ ਅੰਦੋਲਨ (ਕੂਕਾ ਬਗ਼ਾਵਤ) ਨਾਲ ਹਮਦਰਦੀ ਉਹਨਾਂ ਦੀ ਆਪਣੀ ਸਰਕਾਰ ਲਈ ਬਹੁਤ ਜਿਆਦਾ ਖ਼ਤਰਨਾਕ ਹੈ।"

***The Muphslite***(ਦ ਮੁਫਸਲਾਈਟ) "ਬਾਗ਼ੀਆਂ ਵਿਰੁੱਧ ਕੀਤੀ ਗਈ ਤੁਰਤ-ਫੁਰਤ ਤੇ ਡਰਾਉਣੀ ਕਾਰਵਾਈ ਨੇ ਉਨ੍ਹਾਂ ਦੀਆਂ ਜਿੱਤਾਂ ਦੇ ਸਾਰੇ ਸੁਫ਼ਨੇ ਚਕਨਾਚੂਰ ਕਰ ਦਿੱਤੇ ਅਤੇ "ਪੰਜਾਬ ਦੀ ਸ਼ਾਂਤੀ ਕੁਝ ਹੋਰ ਸਮੇਂ ਲਈ ਭੰਗ ਹੋਣ ਦੀ ਸੰਭਾਵਨਾ ਨਹੀਂ ਹੈ।"

***The Times of India*** "ਇਹ ਗੱਲ ਦਿਲ ਨਹੀਂ ਲੱਗਦੀ ਕਿ ਵੱਡੀ ਗਿਣਤੀ ਵਿਚ ਨਿਹੱਥੇ ਵਿਅਕਤੀਆਂ ਵਿਰੁੱਧ ਕੀਤੀ ਗਈ ਬਦਲਾ-ਲਊ ਕਾਰਵਾਈ ਡਿਪਟੀ ਕਮਿਸ਼ਨਰ (ਕਾਵਨ) ਨੇ ਕਮਿਸ਼ਨਰ (ਫਾਰਸਿਥ) ਦੀ ਸਹਿਮਤੀ ਨਾਲ ਕੀਤੀ ਗਈ ਸੀ।"

ਪਰ***The Times of India*** ਦਾ ਇਹ ਵਹਿਮ ਉਸ ਸਮੇਂ ਨਿਕਲ ਗਿਆ ਜਦੋਂ ਕਾਵਨ ਤੋਂ ਬਾਅਦ ਅਗਲੇ ਹੀ ਦਿਨ ਕਮਿਸ਼ਨਰ ਫਾਰਸਿਥ ਨੇ ਕਾਵਨ ਦੇ ਨਕਸ਼ੇ ਕਦਮ ਉਪਰ ਚਲਦੇ ਹੋਏ। 16 ਹੋਰ ਕੂਕਿਆਂ ਨੂੰ ਬਿਲਕੁਲ ਉਸੇ ਵਿਧੀ ਰਾਹੀਂ ਤੋਪਾਂ ਅੱਗੇ ਖੜ੍ਹਾ ਕਰ ਕੇ ਅਗਲੇ ਦਿਨ ਹੀ ਉੱਡਾ ਦਿੱਤਾ। ਕਮਿਸ਼ਨਰ ਫਾਰਸਿਥ ਰਾਹੀ ਕੀਤੀ ਗਈ ਇਹ ਕਾਰਵਾਈ ਇਕ ਦਿਨ ਪਹਿਲਾਂ ਕੀਤੇ ਗਏ ਕਾਵਨ ਦੇ ਕਾਰੇ ਦੀ ਹੀ ਪ੍ਰੋੜਤਾ ਸੀ। ਜਿਸ ਨੇ ਕਾਵਨ ਦੇ ਨਾਲ-ਨਾਲ ਫਾਰਸਿਥ ਨੂੰ ਵੀ ਅਲੋਚਕਾਂ ਅੱਗੇ ਇਕੋ ਕਤਾਰ ਵਿਚ ਲਿਆ ਖੜ੍ਹਾ ਕਰ ਦਿੱਤਾ।

***Indian Public Opinion*** "ਸ੍ਰੀ ਕਾਵਨ ਨੇ ਬਹੁਤ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਮੌਤ ਦੀ ਇਕ ਡਰਾਉਣੀ ਸਜ਼ਾ ਦਿੱਤੀ ਸੀ। ਇਸ ਦਾ ਦੇਸ਼ 'ਤੇ ਡਾਢਾ ਜਾਦੂਮਈ ਅਸਰ ਪਿਆ।"

***Indian Public Opinion***ਦੀ ਇਸ ਟਿੱਪਣੀ ਉੱਪਰ ਆਪਣਾ ਪੱਖ ਰਖਦਾ ਹੋਇਆ ***Friends ofIndia*** ਲਿਖਦਾ ਹੈ ਕਿ "ਅਸੀਂ ਇਹ ਕਲਪਨਾ ਕਰਾਂਗੇ ਕਿ ਉਸ (ਕਵਾਨ) ਨੇ ਸੋਚ ਵਿਚਾਰ ਲਈ ਤਮਾਕੂ ਵਾਲਾ ਪਾਈਪ ਪੀਤਾ ਹੋਵੇਗਾ। ਜਦੋਂ ਸਾਡੇ ਕੋਲ ਇੰਗਲੈਂਡ ਦੇ ਸਹੀ ਨਿਸ਼ਾਨਾ ਵਿੰਨ੍ਹਣ ਵਾਲੀਆਂ ਬੰਦੂਕਾਂ ਤੇ ਕਿਲ੍ਹੇ ਬੰਦੀਆਂ ਗੋਲੀ ਸਿੱਕਾ ਤੇ ਤੋਪਖਾਨਿਆਂ ਨਾਲ ਲੈਸ 60,000 ਫੌਜ਼ੀ ਜਵਾਨ ਮੌਜੂਦ ਹਨ ਤਾਂ ਕੀ ਅਸੀਂ ਕੂਕਿਆਂ ਦੇ ਤਰਸਯੋਗ ਹਾਲਤ ਵਾਲੇ ਕਬੀਲੇ ਤੋਂ ਡਰ ਕੇ ਇਨ੍ਹਾਂ ਜਿਆਦਾ ਕੰਬ ਜਾਵਾਂਗੇ ਕਿ ਉਨ੍ਹਾਂ ਨੂੰ ਬੇਰਹਿਮੀ ਨਾਲ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ।

***Indian Public Opinion***

ਇਹ ਆਖਣਾ ਬਹੁਤ ਸ਼ਖਾਲਾ ਹੈ ਕਿ 50 ਵਿਅਕਤੀਆਂ ਨੇ ਦੋ ਹਮਲਿਆਂ (ਮਲੌਦ, ਮਲੇਰਕੋਟਲਾ) ਵਿਚ ਸ਼ਾਮਿਲ ਹੋਣ ਦੇ ਆਪਣੇ ਗੁਨਾਹ ਦਾ ਇਕਬਾਲ ਕਰ ਲਿਆ ਹੈ ਪਰ ਇਹ ਅੰਗਰੇਜ਼ਾਂ ਦੀ ਆਦਤ ਹੈ ਕਿ ਉਹ ਅਜਿਹੇ ਇਕਬਾਲ ਦਾ ਵਾਜਬ ਰਿਕਾਰਡ ਬਣਾ ਕੇ ਰੱਖਦੇ ਹਨ ਅਤੇ ਫਿਰ ਕਾਨੂੰਨ ਅਨੁਸਾਰ ਕਾਰਵਾਈ ਕਰਦੇ ਹਨ ਪਰ ਸ੍ਰੀ ਕਾਵਨ ਨੇ ਕਾਨੂੰਨ ਮੁਤਾਬਕ ਕਾਰਵਾਈ ਨਹੀਂ ਕੀਤੀ, ਇਸ ਰਿਪੋਰਟ ਵਿੱਚ ਇਹ ਗੱਲ ਕਬੂਲ ਕੀਤੀ ਗਈ ਹੈ।

***Indian Public Opinion***

ਚਲੋ ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਸਾਰੇ 50 ਵਿਅਕਤੀਆਂ ਨੇ ਇਹ ਮੰਨ ਵੀ ਲਿਆ ਹੈ ਕਿ ਦੋਵਾਂ ਹਮਲਿਆਂ ਵਿਚ ਸ਼ਾਮਿਲ ਸਨ ਤਾਂ ਕੀ ਇਨ੍ਹਾਂ ਕਾਫੀ ਹੈ ਕਿ ਉਨ੍ਹਾਂ ਨੂੰ ਇਕ ਅਜਿਹੇ ਅਧਿਕਾਰੀ ਦੀ ਪ੍ਰਵਾਨਗੀ ਨਾਲ ਤੋਪਾਂ ਨਾਲ ਉਡਾ ਦਿੱਤਾ ਜਾਵੇ, ਜਿਸ ਨੂੰ ਅਜਿਹੀ ਕਾਰਵਾਈ ਦਾ ਕੋਈ ਅਧਿਕਾਰ ਹੀ ਨਹੀਂ ਹੈ।

***Indian Public Opinion***

ਇੰਡੀਅਨ ਪਬਲਿਕ ਓਪੀਨੀਅਨ ਨੇ ਕਾਵਨ ਦੀ ਇਸ ਕਾਰਵਾਈ ਦੀ ਨਿਖੇਧੀ ਕਰਦੇ ਹੋਏ ਲਿਖਿਆ- ਠੀਕ ਅਤੇ ਗਲਤ ਜਿਸ ਤਰ੍ਹਾਂ ਇੰਗਲੈਂਡ ਵਿਚ ਹਨ ਉਸੇ ਤਰ੍ਹਾਂ ਹੀ

ਭਾਰਤ ਵਿਚ ਹਨ... ਅਸੀਂ ਇਹ ਮੰਨਦੇ ਹਾਂ ਕਿ ਨੀਤੀ ਵਿਚ ਗਲਤੀ ਹੈ, ਇਹ ਸਰਕਾਰ ਨਹੀਂ ਸਗੋਂ ਕੁਸ਼ਾਸਨ ਸੀ। ਇਹ ਕੋਈ ਤਾਕਤ ਨਹੀਂ ਸਗੋਂ ਕਮਜ਼ੋਰੀ ਸੀ। ਕੋਈ ਭਾਵਨਾ ਨਹੀਂ ਸਗੋਂ ਭਾਵਨਾਹੀਣਤਾ ਸੀ ਅਤੇ ਇਹ ਭਾਰਤ ਵਿਚ ਸਾਡੇ ਇਤਿਹਾਸ ਦੇ ਸਾਡੇ ਸਭ ਤੋਂ ਘਾਤਕ ਅਤੇ ਜਾਨ ਲੇਵਾ ਕਾਰਿਆਂ ਵਿਚੋਂ ਇਕ ਹੋਵੇ।

ਅਖ਼ਬਾਰ ਅੱਗੋਂ ਲਿਖਦਾ ਹੈ:

"ਸਾਡੇ ਵਿੱਚ ਇਹ ਆਖਣ ਦਾ ਜੇਰਾ ਹੈ ਕਿ ਜਿਹੜੇ ਮਰਦਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ, ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚਿਆਂ ਨੇ ਤਾਂ ਆਨੰਦ ਮਨਾਇਆ ਸੀ ਅਤੇ ਉਹ ਇਹ ਸਭ ਮਾਣ ਨਾਲ ਚੇਤੇ ਰੱਖਣਗੇ ਤੇ ਇਹ ਵੀ ਕਹਿਣਗੇ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਵੀ ਤੋਪਾਂ ਨਾਲ ਉੱਡਾ ਦਿੱਤਾ ਜਾਵੇ ਕੌਣ ਪਰਵਾਹ ਕਰਦਾ ਹੈ।"

ਇਹ ਗੱਲ ਹੋਰ ਵੀ ਦੁਖਦਾਈ ਹੈ ਕਿ ਭਾਰਤੀ ਪ੍ਰੈੱਸ ਦੇ ਕਿਸੇ ਛੋਟੇ ਜਿਹੇ ਹਿੱਸੇ ਨੂੰ ਵੀ ਅਜਿਹੀਆਂ ਵਾਰਦਾਤਾਂ ਦੇ ਵੇਰਵਿਆਂ ਨੂੰ ਅੱਖੋਂ ਪ੍ਰੋਖੇ ਨਹੀਂ ਕਰਨਾ ਚਾਹੀਦਾ ਕਿਉਂਕਿ ਉਸ ਵਲੋਂ ਅਜਿਹਾ ਕਰਨਾ ਵੀ ਵਹਿਸ਼ੀਆਨਾ ਕਾਰਾ ਹੈ ਅਤੇ ਉਸ ਨੂੰ ਤਾਂ ਇਹੋ ਚਾਹੀਦਾ ਹੈ ਕਿ ਉਹ ਜਾਂ ਤਾਂ ਕਿਸੇ ਘਟਨਾ ਦਾ ਨਿੱਘਾ ਸੁਆਗਤ ਕਰੇ ਅਤੇ ਜਾਂ ਸ਼ਖਤ ਨਿਖੇਧੀ ਕਰੇ, ਕੋਈ ਵੀ ਹਿੰਸਕ ਕਾਰਵਾਈ ਬ੍ਰਿਟਿਸ਼ ਨਾਮ ਨੂੰ ਬਦਨਾਮ ਕਰਦੀ ਹੈ ਅਤੇ ਇੰਜ ਇਸ ਨੂੰ ਸਭਿਅਕ ਸਮਾਜ ਵਲੋਂ ਤਾਂ ਸਦਾ ਨੀਚਤਾ ਹੀ ਆਖਿਆ ਜਾਵੇਗਾ।"

ਜਿਨ੍ਹਾਂ ਅਖ਼ਬਾਰਾਂ ਵਲੋਂ ਕਾਵਨ ਅਤੇ ਫਾਰਸਿਥ ਦੀ ਕਾਰਵਾਈ ਦਾ ਵਿਰੋਧ ਕੀਤਾ ਗਿਆ ਉਹਨਾਂ ਦੂਸਰੇ ਪਾਸੇ ਸ਼ਹੀਦ ਕੂਕਿਆਂ ਦੇ ਜ਼ਜਬੇ ਅਤੇ ਚੜ੍ਹਦੀ ਕਲਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਵੀ ਕੀਤੀ। ਇਹਨਾਂ ਕਾਵਨ ਅਤੇ ਫਾਰਸਿਥ ਵਿਰੋਧੀ ਅਖਬਾਰਾਂ ਨੇ 66 ਕੂਕਿਆਂ ਨੂੰ ਬੇਚਾਰੇ, ਥੱਕੇ ਹੋਏ, ਭੜਕੇ ਹੋਏ ਅਤੇ ਬੇ-ਕਸੂਰ ਸਾਬਿਤ ਕੀਤਾ ਅਤੇ ਇਸ ਤਰ੍ਹਾਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਬਗਾਵਤ ਤੋਂ ਬਾਅਦ ਆਪਣੇ ਕੀਤੇ ਕਾਰੇ ਲਈ ਜਿਵੇਂ ਅਫ਼ਸੋਸ ਜਿਤਾ ਰਹੇ ਹੋਣ। ਇਸ ਤਰ੍ਹਾਂ ਇਨ੍ਹਾਂ ਅਖਬਾਰਾਂ ਦੁਆਰਾ ਇਹ ਬਿਰਤਾਂਤ ਸਿਰਜਨ ਦੀ ਕੋਸ਼ਿਸ਼ ਕੀਤੀ ਗਈ ਕਿ ਇਹ 66 ਕੂਕੇ ਕਿਸੇ ਵੀ ਤਰ੍ਹਾਂ ਦਾ ਵਿਰੋਧ ਜ਼ਾਹਰ ਕਰਨ ਦੀ ਕਾਬਲੀਅਤ ਨਹੀਂ ਰਖਦੇ ਸਨ, ਸਗੋਂ ਬਹੁਤ ਹੀ ਮਾਜੀ ਹਾਲਤ ਵਿਚ ਢੇਹ ਢੇਰੀ ਹੋ ਚੁੱਕੇ ਸਨ ਪਰ ਇਨ੍ਹਾਂ ਅਖਬਾਰਾਂ ਦੀ ਇਸ ਵਿਚਾਰਧਾਰਾਂ ਨੂੰ ਚਣੌਤੀ ਦੇਣ ਲਈ ਬਿਸ਼ਨ ਸਿੰਘ ਦੀ ਕਾਰਵਾਈ ਕਾਫੀ ਮਾਲੂਮ ਹੁੰਦੀ ਹੈ, ਜਿਸ ਨੇ ਕਾਵਨ ਦੀ ਦਾੜੀ ਹੀ ਫੜ੍ਹ ਉਸ ਦਾ ਗਲਾ ਘੁੱਟ ਦਿੱਤਾ ਸੀ, ਜਿਸ ਦਾ ਜ਼ਿਕਰ ਉਹ ਖੁਦ ਆਪਣੀਆਂ ਅੰਗਰੇਜ਼ੀ ਰਿਪੋਰਟਾਂ ਵਿਚ ਕਰਦੇ ਹਨ। ਇਸ ਤੋਂ ਆਪਣੇ-ਆਪ ਸਿੱਧ ਹੋ ਜਾਂਦਾ ਹੈ ਕਿ ਕੂਕੇ ਕਿੰਨਾ ਕੁ ਥੱਕੇ ਹੋਏ ਸਨ ਅਤੇ ਕਿੰਨੀ ਕੁ ਢਹਿੰਦੀ ਕਲਾ ਵਿਚ ਸਨ। ਜਿਥੇ ਬਿਸ਼ਨ ਸਿੰਘ ਨੇ ਇਹ ਸਾਬਿਤ ਕੀਤਾ ਕਿ ਉਹ ਮਰਨ ਤੋਂ ਇਕ ਦਮ ਪਹਿਲਾਂ ਚੜ੍ਹਦੀ ਕਲਾ ਵਿਚ ਸੀ, ਉਥੇ ਅੰਗਰੇਜ਼ੀ ਹਕੂਮਤ ਦੀ ਪ੍ਰਤੀਨਿਧਤਾ ਕਰਦੇ ਹਾਕਮ ਕਾਵਨ ਨੂੰ ਦੱਸ ਦਿੱਤਾ ਕਿ ਹਰ ਕੂਕਾ ਤੇਰੇ ਰਾਜ ਨੂੰ ਖਤਮ ਕਰਨ ਲਈ ਤੱਤਪਰ ਹੈ।

**ਹਵਾਲੇ**

1. (ਦਿ ਹਿੰਦੂ ਪੈਟ੍ਰਿਯਟ) ਇਹ ਇੱਕ ਭਾਰਤੀ ਅੰਗਰੇਜ਼ੀ-ਭਾਸ਼ਾ ਹਫ਼ਤਾਵਾਰੀ ਅਖ਼ਬਾਰ ਸੀ, ਜੋ 1853 ਵਿੱਚ ਕੋਲਕਾਤਾ ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਆਪਣੇ ਰਾਸ਼ਟਰਵਾਦੀ ਰੁਝਾਨ ਅਤੇ ਕਿਸਾਨਾਂ ਦੇ ਸ਼ੋਸ਼ਣ, ਖ਼ਾਸ ਕਰਕੇ ਨੀਲ ਕਾਸ਼ਤਕਾਰਾਂ ਸੰਬੰਧੀ ਖ਼ਬਰਾਂ ਲਈ ਜਾਣਿਆ ਜਾਂਦਾ ਸੀ। ਇਸ ਦੇ ਮੱਖ ਸੰਪਾਦਕਾਂ ਵਿੱਚ ਗਿਰਿਸ਼ ਚੰਦਰ ਘੋਸ਼ ਅਤੇ ਹਰੀਸ਼ ਚੰਦਰ ਮੁਖਰਜੀ ਸ਼ਾਮਲ ਸਨ, ਜਿਨ੍ਹਾਂ ਨੇ ਭਾਰਤੀ ਦ੍ਰਿਸ਼ਟਿਕੋਣ ਨੂੰ ਪ੍ਰਗਟ ਕਰਨ ਅਤੇ ਕਿਸਾਨਾਂ ਨੂੰ ਜ਼ਾਲਿਮ ਜਮੀਨਦਾਰਾਂ ਵਿਰੁੱਧ ਸਹਿਯੋਗ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਅਖ਼ਬਾਰ ਨੇ 1857 ਦੀ ਸਿਪਾਹੀ ਬਗ਼ਾਵਤ ਬਾਰੇ ਵੀ ਵਿਸਥਾਰਪੂਰਵਕ ਰਿਪੋਰਟਿੰਗ ਕੀਤੀ ਅਤੇ ਅਕਸਰ ਬਾਗੀਆਂ ਦੀ ਲੜਾਈ ਨੂੰ ਪ੍ਰਸ਼ੰਸਾ-ਪੂਰਵਕ ਢੰਗ ਨਾਲ ਦਰਸਾਇਆ।

2. ਕਲਕੱਤਾ ਵਿੱਚ ਅੰਗਰੇਜ਼ੀ ਅਖ਼ਬਾਰ ਦਿ ਇੰਗਲਿਸ਼ਮੈਨ ਦੀ ਸ਼ੁਰੂਆਤ 1821 ਵਿੱਚ ਜਾਨ ਬੁੱਲ ਅਖ਼ਬਾਰ ਦੇ ਨਾਂ ਨਾਲ ਹੋਈ। ਇਹ ਅਖ਼ਬਾਰ ਕੁਝ ਲੋਕਾਂ ਵੱਲੋਂ ਇਸ ਲਈ ਸ਼ੁਰੂ ਕੀਤਾ ਗਿਆ ਸੀ। ਅਖ਼ਬਾਰ ਦਿ ਇੰਗਲਿਸ਼ਮੈਨ ਦੇ 1870 ਅਤੇ 1880 ਦੇ ਦਹਾਕਿਆਂ ਵਿੱਚ ਵੱਖ-ਵੱਖ ਸੰਪਾਦਕ ਰਹੇ। 1880 ਦੇ ਅਖੀਰਲੇ ਸਾਲਾਂ ਵਿੱਚ ਇਸਦਾ ਸੰਪਾਦਕ ਜੀ. ਐਚ. ਸੁਲਿਵਨ ਸੀ। ਇਸ ਤੋਂ ਪਹਿਲਾਂ ਇਸਨੂੰ ਡਬਲਯੂ. ਡਬਲਯੂ. ਹੰਟਰ ਅਤੇ ਹੋਰਾਂ ਵੱਲੋਂ ਸੰਪਾਦਿਤ ਕੀਤਾ ਜਾਂਦਾ ਸੀ, ਫਿਰ ਬਾਅਦ ਵਿੱਚ ਇਹ ਜੀ. ਐਚ. ਸੁਲਿਵਨ ਦੇ ਅਧੀਨ ਆ ਗਿਆ।

3. 19 ਵੀਂ ਦਾ ਮਹੱਤਵਪੂਰਨ ਅਖ਼ਬਾਰ ਸੀ।ਜੋ ਬਾਅਦ *the Statesman* ਵਿੱਚ ਰਲ ਗਿਆ। ਉਸ ਨੇ ਸ਼ਹੀਦ ਕੂਕਿਆਂ ਬਾਰੇ ਮਹੱਤਵਪੂਰਮ ਟਿੱਪਣੀ ਕੀਤੀ।

.....................................................

ਕਹਾਣੀ

# ਜੜ੍ਹਾਂ



**ਕਿਰਪਾਲ ਕਜ਼ਾਕ**
**98726-44428**

ਜਿੱਥੇ ਕਿਤੇ ਵੀ ਗੱਡੀ ਖੜ੍ਹਦੀ, ਮਾਂ ਹੁੱਭ ਕੇ ਪੁੱਛਦੀ, "ਕਿੱਥੇ ਕੁ ਆ ਗਏ ਪੁੱਤ?" ਤੇ ਮੈਂ ਕੁਝ ਤਲਖ਼ ਹੋ ਕੇ ਸਟੇਸ਼ਨ ਦੱਸ ਦਿੰਦਾ।

ਘਰੋਂ ਤੁਰਦਿਆਂ ਮੈਂ ਬੜੇ ਜ਼ੱਬਤ ਵਿੱਚ ਸਾਂ, ਪਰ ਮਾਂ ਦੇ ਇੱਕੋ ਗੱਲ ਵਾਰ-ਵਾਰ ਪੁੱਛਣ 'ਤੇ ਮੈਂ ਤਲਖ਼ ਹੋ ਗਿਆ ਸਾਂ, ਥੋੜ੍ਹੀ ਦੇਰ ਪਹਿਲਾਂ ਤਾਂ ਹੱਦ ਹੀ ਹੋ ਗਈ ਸੀ। ਪਿਛਲੇ ਕਿਸੇ ਸਟੇਸ਼ਨ ਤੋਂ ਸਾਹਮਣੀ ਸੀਟ 'ਤੇ ਦੋ ਸ਼ਹਿਰੀ ਜਿਹੀਆਂ ਕੁੜੀਆਂ ਆ ਕੇ ਬੈਠ ਗਈਆਂ ਤਾਂ ਮੈਂ ਕੁਝ ਰਾਹਤ ਜਿਹੀ ਮਹਿਸੂਸ ਕੀਤੀ ਸੀ। ਪਰ ਕੁੜੀਆਂ ਜਦੋਂ ਬਿਨਾਂ ਰੁਕੇ ਗੱਲਾਂ ਦਾ ਅੰਗਰੇਜ਼ੀ ਵਿੱਚ ਕਚੀਰਾ ਹੀ ਕਰਨ ਲੱਗੀਆਂ ਤਾਂ ਮਾਂ ਸੁੰਗੜ ਕੇ ਬੈਠ ਗਈ ਸੀ। ਫਿਰ ਹੌਲੇ ਜਿਹੇ ਬੋਲੀ ਸੀ,

"ਪੁੱਤ ਤੇਰੀ ਬਹੂ ਦੇ ਮੁਲਖ ਦੀਐਂ?"

ਸੁਣਦਿਆਂ ਮੇਰੇ ਅੰਦਰੋਂ ਕੁਝ ਕੜਕ ਕਰਕੇ ਟੁੱਟਿਆ। ਸਾਹਾਂ ਵਿੱਚ ਧੂੰਆਂ ਜਿਹਾ ਫ਼ੈਲ ਗਿਆ ਤੇ ਮੈਂ ਇੱਕ ਤਰ੍ਹਾਂ ਬੁਝ ਜਿਹਾ ਗਿਆ। ਪਰ ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ ਮੈਂ ਮਾਂ ਨੂੰ ਨੀਂਦਰ ਦੀ ਗੋਲੀ ਦੇ ਕੇ, ਦੁਆਲੇ ਲੀੜਾ ਘੁੱਟ ਦਿੱਤਾ ਸੀ। ਉਂਜ ਮੈਂ ਜਾਣਦਾ ਸਾਂ ਇਸ ਗੋਲੀ ਦਾ ਕੋਈ ਅਸਰ ਨਹੀਂ ਸੀ ਹੋਣਾ, ਪਰ ਮਾਂ ਇਉਂ ਪਾਸਾ ਵੱਟ ਕੇ ਪੈ ਗਈ ਜਿਵੇਂ ਸੱਚਮੁਚ ਸੌਂ ਗਈ ਹੋਵੇ।

ਪਿਛਲੇ ਕੁਝ ਵਰ੍ਹਿਆਂ ਤੋਂ ਇੰਜ ਹੀ ਹੁੰਦਾ ਸੀ। ਅਸੀਂ ਮੀਆਂ ਬੀਵੀ ਚਾਹੁੰਦੇ ਤਾਂ ਮਾਂ ਜਾਗਦਿਆਂ ਵੀ ਸੌਂ ਜਾਂਦੀ, ਨਾ ਚਾਹੁੰਦੇ ਤਾਂ ਉਹ ਸੁੱਤੇ ਪਿਆਂ ਵੀ ਜਾਗਦੀ ਰਹਿੰਦੀ। ਮਾਂ ਦੇ ਇਸ ਬਦਲੇ ਹੋਏ ਰਵੱਈਏ ਨੇ, ਜਿੱਥੇ ਮੇਰੀ ਪਤਨੀ ਸ਼ੈਲੀ ਨੂੰ ਖ਼ੁਸ਼ ਕੀਤਾ ਸੀ, ਉਥੇ ਮੈਨੂੰ ਉਦਾਸ ਅਤੇ ਪ੍ਰੇਸ਼ਾਨ ਕਰ ਦਿੱਤਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਕੁਝ ਮਹੀਨੇ ਹੀ ਪਹਿਲਾਂ ਮਾਂ ਨੂੰ ਚਾਈਂ-ਚਾਈਂ ਪਿੰਡੋਂ ਸ਼ਹਿਰ ਲੈ ਕੇ ਆਉਣ ਵਾਲਾ ਮੈਂ, ਅੱਜ ਭਰੇ ਹੋਏ ਮਨ ਨਾਲ ਪਿੰਡ ਪਰਤ ਰਿਹਾ ਸਾਂ।

ਮਾਂ ਦੀ ਇਹ ਹਲੀਮੀ ਮੇਰਾ ਗੱਚ ਭਰ ਦਿੰਦੀ। ਹੁਣ ਵੀ ਮੇਰਾ ਮਨ ਭਰ ਆਇਆ ਸੀ। ਮਾਂ ਭਾਵੇਂ ਦੂਜੇ ਪਾਸੇ ਮੂੰਹ ਕਰਕੇ ਪੈ ਗਈ ਸੀ, ਪਰ ਮੈਨੂੰ ਲੱਗਾ ਉਹ ਮੈਨੂੰ ਵੇਖ ਰਹੀ ਸੀ। ਇੱਕਾ-ਇੱਕ ਮੇਰਾ ਗੱਚ ਭਰ ਆਇਆ ਤੇ ਮੈਂ ਐਨਕ ਸਾਫ਼ ਕਰਨ ਦੇ ਪੱਜ ਅੱਖਾਂ ਦੀ ਨਮੀ ਸੋਖ ਲਈ।

ਮਾਂ ਪ੍ਰਤੀ ਮੇਰਾ ਇਹ ਲਗਾਓ ਵੇਖ, ਸ਼ੈਲੀ ਮੱਚਣ ਲੱਗਦੀ।

"ਮਾਂ ਲਈ ਤਾਂ ਬੁੱਕ-ਬੁੱਕ ਅੱਥਰੂ ਡੁੱਲਦੇ ਐ... ਮੇਰੇ ਲਈ ਹਉਕਾ ਵੀ ਮੁੱਲ ਦੈ।"

ਉਹ ਚੀਕ ਕੇ ਗੱਲ ਸ਼ੁਰੂ ਕਰਦੀ ਤੇ ਛੇਤੀ ਹੀ ਛੱਤਣੀ ਜਾ ਚੜ੍ਹਦੀ।

ਕਦੀ-ਕਦਾਈਂ ਮੈਨੂੰ ਸ਼ੈਲੀ ਦਾ ਇਹ ਗਿਲਾ, ਜਾਇਜ਼ ਵੀ ਲੱਗਦਾ। ਮੈਂ ਮਹਿਸੂਸ ਕਰਦਾ, ਮਾਂ ਪ੍ਰਤੀ ਮੇਰਾ ਇਹ ਮੋਹ ਇੱਕ ਸੀਮਾ ਦੀ ਮੰਗ ਕਰਦਾ ਸੀ! ਪਰ ਸ਼ੈਲੀ ਜਦੋਂ ਇਸ ਮੋਹ ਦੀ ਸੀਮਾ ਨੂੰ ਦੌਲਤ ਦੀ ਦ੍ਰਿਸ਼ਟੀ ਤੋਂ ਦੇਖਣ ਲੱਗਦੀ ਤਾਂ ਮੈਨੂੰ ਉਹਦੇ ਸੰਸਕਾਰਾਂ 'ਤੇ ਤਰਸ ਆਉਂਦਾ, ਜਿਨ੍ਹਾਂ ਵਿੱਚ ਉਹ ਜੰਮੀ ਪਲੀ ਸੀ। ਪਰ ਕੋਈ ਉਸ 'ਤੇ ਤਰਸ ਕਰੇ, ਇਹ ਉਹਦੇ ਲਈ ਮਰ ਜਾਣ ਵਾਲੀ ਗੱਲ ਸੀ। ਅਬਾ-ਤਬਾ ਬੋਲਦਿਆਂ ਘਰ ਸਿਰ 'ਤੇ ਚੁੱਕ ਲੈਂਦੀ। ਪਹਿਲੋ-ਪਹਿਲ ਮੈਂ ਸੋਚਦਾ, ਸ਼ਾਇਦ ਸ਼ੈਲੀ ਦਾ ਗੁੱਸਾ ਹੀ ਮੇਰੇ ਵੱਸ ਵਿੱਚ ਨਹੀਂ ਸੀ। ਪਰ ਜਦੋਂ ਸਾਡੇ ਦੋਹਾਂ ਵਿਚਾਲੇ ਨਿੱਕੀ-ਨਿੱਕੀ ਗੱਲ 'ਤੇ ਵਧਦਾ ਤਣਾਓ ਮਾਂ ਨੂੰ ਵੀ ਵਿੱਚੇ ਲਿਪੇਟ ਲੈਂਦਾ ਤਾਂ ਮੈਨੂੰ ਲੱਗਦਾ, ਹੋਰ ਵੀ ਬਹੁਤ ਕੁਝ ਸੀ, ਜੋ ਮੇਰੇ ਵੱਸ ਵਿੱਚ ਨਹੀਂ ਸੀ।

ਵੱਸ ਵਿੱਚ ਹੁੰਦਾ ਤਾਂ ਮੈਂ ਸ਼ੈਲੀ ਨਾਲ ਵਿਆਹ ਹੀ ਕਿਉਂ ਕਰਵਾਉਂਦਾ। ਚਲੋ ਵਿਆਹ ਕਰਵਾ ਲਿਆ ਤਾਂ ਉਹਦੇ ਅਮੀਰ ਪਿਓ ਵਲੋਂ ਖ਼ੈਰਾਇਤ ਵਜੋਂ ਮਿਲੀ ਨੌਕਰੀ ਹੀ ਨਾ ਸਵੀਕਾਰ ਕਰਦਾ। ਇਸ ਗੱਲ ਦੇ ਬਾਵਜੂਦ ਕਿ ਮਾਂ ਨੇ ਸਿਰੋਂ

ਨੰਗੀ ਹੋਣ 'ਤੇ ਵੀ ਮੇਰੀ ਹਰ ਇੱਛਾ ਦਾ ਨੰਗ ਢਕਿਆ ਸੀ। ਭੁੱਖੀ ਤੱਸੀ ਰਹਿ ਕੇ ਵੀ ਮੇਰੀ ਪੋਟ ਵਿੱਚ ਚਾਰ ਡਿਗਰੀਆਂ ਦਾ ਚੋਗਾ ਘੱਤਿਆ ਸੀ। ਤੇ ਇੱਕ ਮੈਂ ਸਾਂ ਜਿਸ ਮਜਬੂਰੀਆਂ ਦਾ ਵਾਸਤਾ ਪਾ ਕੇ ਪਹਿਲਾਂ ਅਮੀਰ ਨਾਲ ਵਿਆਹ ਕਰਵਾ ਲਿਆ ਤੇ ਫਿਰ 'ਜਿੱਥੇ ਦਾਣਾ ਪਾਣੀ ਲਿਖਿਐ' ਦੀ ਓਟ ਲੈ ਕੇ ਸ਼ਹਿਰ ਨੌਕਰੀ ਕਰਨ ਤੁਰ ਆਇਆ। ਸਿਰਫ਼ ਸ਼ੈਲੀ ਦੀ ਇੱਛਾ ਕਰਕੇ ਹੀ; ਕਿਉਂਕਿ ਉਸ ਕਿਹਾ ਸੀ।

"ਉਸ ਦੀਆਂ ਜੜ੍ਹਾਂ ਫੈਲਣ ਲਈ ਪਿੰਡ ਦੀ ਮਿੱਟੀ ਕਾਫ਼ੀ ਨਹੀਂ ਸੀ। ਤੇ ਫਿਰ ਪਿੰਡ ਦੇ ਨੀਵੇਂ ਅਤੇ ਕੱਚੇ ਬਨੇਰਿਆਂ ਤੋਂ ਕਿਸੇ ਵੱਡੀ ਉਡਾਣ ਲਈ ਕਿਵੇਂ ਪਰਵਾਜ਼ ਭਰੀ ਜਾ ਸਕਦੀ ਸੀ।"

ਪਰ ਮੈਂ ਸੋਚਦਾ, ਮਾਂ ਦੀ ਇੱਛਾ ਕਿੱਥੇ ਸੀ? ਜਿਹੜੀ ਮੇਰੇ ਜਵਾਨ ਹੋਣ ਤੱਕ ਇੱਕੋ ਗੱਲ ਦੁਹਰਾਉਂਦੀ ਰਹੀ।

"ਅਫ਼ਸਰ ਬਣੂ ਮੇਰਾ ਪੁੱਤ! ਰਾਜ ਕਰਾਊ ਮਾਂ ਨੂੰ ਆਖ਼ਰ ਬੰਦੇ ਦੀ ਅੰਸ ਐ... ਜੇ ਮਾਂ ਦੀ ਆਂਦਰ ਠੰਡੀ ਕਰੂ, ਤਾਂ ਹੀ ਪਿਓ ਦਾ ਸਿਵਾ ਠੰਡਾ ਹੋਊ... ਮਾੜੀ ਲਾਦ ਤਾਂ ਕਹਿੰਦੇ ਬੰਦੇ ਦੀ ਗਤੀ ਨੀਂ ਹੋਣ ਦਿੰਦੀ।"

ਮੈਂ ਤੜਪ ਕੇ ਸੋਚਦਾ, ਮਾਂ ਕਦੇ ਇਸ ਗੱਲ ਨੂੰ ਹੁਣ ਕਿਉਂ ਨਹੀਂ ਸੀ ਦੁਹਰਾਉਂਦੀ।

ਇੱਕ ਦਿਨ ਮੈਂ ਖਿਝ ਕੇ ਕਿਹਾ, "ਮਾਂ ਮੈਂ ਪੜ੍ਹ ਲਿਖ ਗਿਆਂ, ਵਿਆਹਿਆ ਵਰਿਹਾਂ, ਸ਼ਹਿਰ ਨੌਕਰੀ ਕਰਦਾਂ, ਹੁਣ ਤਾਂ ਆਪਣੇ ਪੁੱਤ ਨੂੰ ਅਫ਼ਸਰ ਸਮਝ ਲੈ।"

"ਖ਼ਰਾ ਪੁੱਤ! ਜਮ ਜਮ ਸਮਝੂੰ... ਪਰ ਓਦੋਂ ਪੁੱਤ! ਜਿੱਦੇ ਤੈਨੂੰ ਪਿੰਡ ਨਿਉਂ ਨਿਉਂ ਸਲਾਮਾਂ ਕਰੂ। ਪਰ ਪੁੱਤ! ਤੈਂ ਤਾਂ ਜੜ੍ਹਾਂ ਈ ਕਿਧਰੇ ਹੋਰ ਜਾ ਲਾਈਆਂ। ਫਿਰ ਪੁੱਤ! ਮਾਂ ਪੇ ਲਈ ਤਾਂ ਧੀਆਂ ਪੁੱਤ ਜੰਮਦੇ ਈ ਅਫ਼ਸਰ ਹੁੰਦੇ ਐ।" ਤੇ ਮਾਂ ਨਾ ਚਾਹੁੰਦੇ ਵੀ ਮੂੰਹ ਢਕ ਕੇ ਰੋਣ ਲੱਗ ਪਈ ਸੀ।

ਪਰ ਮੈਥੋਂ ਤਾਂ ਮਾਂ ਲਈ ਰੋਣਾ ਛੱਡ ਹਉਕਾ ਵੀ ਨਹੀਂ ਸੀ ਸਰਿਆ। ਉਂਜ ਮੇਰੇ ਹਉਕਿਆਂ ਨੇ ਮਾਂ ਦਾ ਸੁਆਰਨਾ ਵੀ ਕੀ ਸੀ? ਮਾਂ ਕੋਲ ਤਾਂ ਪਹਿਲਾਂ ਹੀ ਹਉਕੇ ਬਹੁਤ ਸਨ। ਕਦੇ ਮੈਂ ਸੋਚਦਾ, ਪਿਤਾ ਦੀ ਮੌਤ ਅਤੇ ਮੇਰੇ ਸ਼ਹਿਰ ਚਲੇ ਆਉਣ ਪਿਛੋਂ, ਮਾਂ ਕੋਲ ਹਉਕੇ ਹੀ ਤਾਂ ਸਨ। ਨਹੀਂ ਉਮਰ ਦੀ ਨਿਸ਼ਠਾ ਦਾ ਉਹਨੂੰ ਕੀ ਮਿਲਿਆ? ਵਰ੍ਹੇ ਛਮਾਹੀ ਲੈ ਕੇ ਦਿੱਤੇ ਚਾਰ ਲੀੜੇ? ਫੋਕੇ ਦਿਲਾਸੇ? ਜਾਂ ਮੇਰੇ ਤੇ ਸ਼ੈਲੀ ਵਿਚਾਲੇ ਨਿੱਤ ਵਧਦਾ ਜ਼ਹਿਰ..?

ਇਹ ਜ਼ਹਿਰ ਸ਼ਾਇਦ ਵਧਦਾ ਹੀ ਚਲਾ ਜਾਂਦਾ, ਜੇ ਸ਼ੈਲੀ ਨੂੰ ਅਚਾਨਕ ਮਾਂ ਦੀ ਲੋੜ ਨਾ ਪੈਂਦੀ। ਸੁਣ ਕੇ ਮੈਂ ਹੈਰਾਨ ਹੋਇਆ। ਮਾਂ ਤਾਂ ਸ਼ੈਲੀ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ, ਫਿਰ ਇਹ ਚਾਹਤ ਕੈਸੀ? ਪਿਛੋਂ ਪਤਾ ਲੱਗਾ, ਸ਼ੈਲੀ ਖ਼ੁਦ ਮਾਂ ਬਣਨ ਵਾਲੀ ਸੀ । ਮੈਨੂੰ ਹੈਰਾਨੀ ਅਤੇ ਖ਼ੁਸ਼ੀ ਹੋਈ। ਹੈਰਾਨੀ ਇਸ ਗੱਲ ਦੀ ਕਿ ਸ਼ੈਲੀ ਬੱਚਾ ਜੰਮਣ ਨੂੰ ਫ਼ਾਲਤੂ ਦਾ ਝੰਜਟ ਸਮਝਦੀ ਸੀ। ਉਹ ਕਹਿੰਦੀ, "ਇਹ ਕਿੱਧਰ ਦਾ ਇਨਸਾਫ਼ ਹੈ ਕਿ ਬੱਚਾ ਮਾਂ ਜੰਮੇ ਤੇ ਪੀੜ੍ਹੀ ਪਿਓ ਦੀ ਤੁਰੇ। ਉਤੋਂ ਫਿੱਗਰ ਦਾ ਨਾਸ।" ਖ਼ੁਸ਼ੀ ਇਸ ਗੱਲ ਦੀ ਕਿ ਇਕ ਦਿਨ ਕਹਿਣ ਲੱਗੀ, "ਕੁਝ ਵੀ ਐ.. ਤੀਵੀਂ ਦੀਆਂ ਜੜ੍ਹਾਂ ਲੱਗਣ ਲਈ, ਮਾਂ ਬਣਨਾ ਜ਼ਰੂਰੀ ਐ।"

ਮੈਂ ਸ਼ੈਲੀ ਦੇ ਇਸ ਅਚਾਨਕ ਬਦਲਾਓ 'ਤੇ ਬਹਿਸ ਕਰਨੀ ਚਾਹੁੰਦਾ ਸਾਂ।

ਪਰ ਇਹ ਸੋਚ ਕੇ ਚੁੱਪ ਕਰ ਗਿਆ ਕਿ ਕੀ ਪਤਾ ਇਸ ਬੱਚੇ ਦੀ ਆਮਦ ਹੀ ਮੇਰੇ ਸ਼ੈਲੀ ਅਤੇ ਮਾਂ ਵਿਚਾਲੇ ਕੋਈ ਚੌਥੀ ਕੋਨ ਸਿਰਜ ਕੇ ਕਿਸੇ ਮੋਹ ਦੀ ਜੜ੍ਹ ਲਾ ਦੇਵੇ।...

ਪਰ ਹੋਇਆ ਇਸ ਤੋਂ ਬਿਲਕੁਲ ਉਲਟ। ਓਧਰ ਸ਼ੈਲੀ ਦੀ ਕੁੱਖ ਵਿਚ ਚਾਨਣ ਦਾ ਬੀਜ ਪੁੰਗਰਿਆ, ਇੱਧਰ ਪਿੰਡ ਵਿਚੋਂ ਮਾਂ ਦੀਆਂ ਜੜ੍ਹਾਂ ਹੀ ਖੱਗੀਆਂ ਗਈਆਂ।

"ਦੇਖੋ! ਬੱਚਾ ਚਾਹੀਦੈ ਤਾਂ ਪਿੰਡੋਂ ਮਾਂ ਨੂੰ ਲੈ ਕੇ ਆਉ ਜਾਂ ਨੌਕਰ ਰੱਖ ਕੇ ਦਿਉ।"

ਤੀਜੇ ਮਹੀਨੇ ਦੀ ਗਰਭਵਤੀ ਸ਼ੈਲੀ ਨੇ, ਇਕ ਤਰ੍ਹਾਂ ਲੀਕ ਖਿੱਚ ਦਿੱਤੀ।

ਨੌਕਰ ਰੱਖਣ ਦਾ ਮਤਲਬ ਸੀ ਉਹਦੇ ਅਮੀਰ ਪਿਉ ਦੇ ਹੋਰ ਹਠਾਰੂ ਹੋਣਾ। ਰਹੀ ਮਾਂ? ਮਾਂ ਦਾ ਕੀ ਸੀ? ... ਫਿਰ ਮਾਂ ਦਾ ਤਾਂ ਫ਼ਰਜ਼ ਵੀ ਬਣਦਾ ਸੀ। ਮੈਂ ਆਪਣੇ ਆਪ ਨੂੰ ਦਲੀਲ ਦਿੱਤੀ ਅਤੇ ਬਿਨਾਂ ਕੋਈ ਪਾਧਾ ਪੁੱਛੇ ਮਾਂ ਮੂਹਰੇ ਜਾ ਖੜ੍ਹਿਆ। ਮੈਂ ਝਕਦੇ ਜਿਹੇ ਸ਼ਹਿਰ ਜਾਣ ਦੀ ਗੱਲ ਤੋਰੀ ਤਾਂ ਮਾਂ ਪੈਰੋਂ ਹੀ ਮੱਚ ਉੱਠੀ। ਪਰ ਜਿਉਂ ਹੀ ਉਹਨੇ ਸ਼ੈਲੀ ਦੇ ਮਾਂ ਬਣਨ ਬਾਰੇ ਸੁਣਿਆ, ਬਿਨਾਂ ਕੋਈ ਉਜ਼ਰ ਕੀਤੇ, ਆਪਣੇ ਲੀੜਿਆਂ ਦੀ ਨਿੱਕੀ ਜਿਹੀ ਬੁਚਕੀ ਚੁੱਕ ਦਰਾਂ ਤੋਂ ਬਾਹਰ ਜਾ ਖੜ੍ਹੀ। ਉਤੋਂ ਗੁੱਸੇ ਹੋਈ ਕਿ ਜੇ ਇਹ ਗੱਲ ਸੀ ਤਾਂ ਮੈਂ ਪਹਿਲਾਂ ਕਿਉਂ ਨਾ ਦੱਸਿਆ।

ਫਿਰ ਅੱਖਾਂ ਭਰਦਿਆਂ ਕਹਿਣ ਲੱਗੀ।

"ਨਾਲੇ ਪੁੱਤ ਜਿਸ ਰੁੱਖ ਦਾ ਪਰਵਾਰ ਹਰਿਆ ਭਰਿਐ, ਉਸੇ ਦੀਆਂ ਜੜ੍ਹਾਂ ਦਾ ਮੁੱਲ ਐ... ਫਿਰ ਥੌਡੇ ਬਿਨਾਂ ਮੇਰਾ ਪਿੰਡ 'ਚ ਕੀ ਐ?" ਇੱਕ ਪਲ ਮੈਨੂੰ ਲੱਗਾ, ਮਾਂ ਠੀਕ ਕਹਿ ਰਹੀ ਸੀ। ਕਿਉਂਕਿ ਉਸ ਦਿਨ ਤੋਂ ਬਾਅਦ ਜਿਸ ਬੇਪ੍ਰਵਾਹੀ ਨਾਲ ਮਾਂ ਨੇ ਪਿੰਡ ਵੱਲ ਪਿੱਠ ਕੀਤੀ ਸੀ, ਉਹ ਸੱਚਮੁਚ ਹੈਰਾਨ ਕਰਨ ਵਾਲੀ ਸੀ।

ਸ਼ਹਿਰ ਆ ਕੇ ਤਾਂ ਮਾਂ ਨੇ ਸਾਨੂੰ ਹੋਰ ਵੀ ਹੈਰਾਨ ਕਰ

ਦਿੱਤਾ। ਨਾ ਕੋਈ ਸ਼ਿਕਵਾ, ਨਾ ਸ਼ਿਕਾਇਤ... ਨਾ ਕੋਈ ਉਜ਼ਰ, ਨਾ ਉਜ਼ਰਤ। ਪਤਾ ਨਹੀਂ ਕਿਉਂ ਮਾਂ ਦਾ ਇਉਂ ਸਿਰਫ਼ ਸ਼ੈਲੀ ਦੀ ਇੱਛਾ ਲਈ ਬਦਲ ਜਾਣਾ ਮੈਨੂੰ ਬੁਰਾ ਲੱਗਾ।

ਸ਼ੈਲੀ ਲਈ ਇਹ ਜਿੱਤ ਦੀ ਘੜੀ ਸੀ। ਉਹਨੇ ਇਹ ਜਿੱਤ ਜ਼ਾਹਿਰ ਵੀ ਕੀਤੀ। ਇਕ ਦਿਨ ਕਿਸੇ ਬਾਗਬਾਨੀ ਨਰਸਰੀ ਤੋਂ ਤਿੰਨ ਚਾਰ ਗ਼ਮਲੇ ਖ਼ਰੀਦ ਲਿਆਈ। ਵਿੱਚ ਬੋਹੜ, ਪਿੱਪਲ ਅਤੇ ਜੰਡ ਉੱਗੇ ਹੋਏ। ਹੂਬਹੂ ਸ਼ਕਲ, ਪਰ ਅਕਾਰ ਵਿੱਚ ਸਿਰਫ਼ ਦੋ ਤਿੰਨ ਗਿੱਠਾਂ ਉੱਚੇ। ਕਹਿਣ ਲੱਗੀ,

"ਦੇਖਿਆ, ਤੂੰ ਕਹਿੰਦਾ ਸੀ ਜੜ੍ਹਾਂ ਹੁੰਦੀਐਂ ਬੰਦੇ ਦੀਆਂ। ਜੇ ਬੋਹੜ ਪਿੱਪਲ ਗ਼ਮਲਿਆਂ ਵਿੱਚ ਉੱਗ ਸਕਦੇ ਐ, ਤਾਂ ਬੰਦੇ ਦਾ ਕੀ ਐ?" ਉਹਨੇ ਮੇਰੀ ਮਾਂ 'ਚੋਂ ਗੱਲ ਕੱਢੀ।

ਉੱਤਰ ਵਿਚ ਮੈਂ ਜੜ੍ਹਾਂ ਕੁਤਰ ਕੇ ਬੌਣਾ ਕਰ ਦੇਣ ਦੀ ਤਕਨੀਕ ਬਾਰੇ ਚੀਕਣਾ ਚਾਹੁੰਦਾ ਸਾਂ । ਪਰ ਚੁੱਪ ਰਿਹਾ ਅਤੇ ਸ਼ੈਲੀ ਦੀ ਸਾਰੀ ਉਗਲੀ ਹੋਈ ਜ਼ਹਿਰ ਵਿੱਚੇ-ਵਿੱਚ ਹੀ ਪੀ ਲਈ।

ਪਰ ਮਾਂ ਨੇ ਤਾਂ ਜਿਵੇਂ ਬਿਨਾਂ ਕਹੇ ਹੀ ਸਭ ਕੁਝ ਸੁਣ ਲਿਆ ਅਤੇ ਦੇਖਦਿਆਂ ਦੇਖਦਿਆਂ ਦੁਨੀਆਂ ਦੀ ਹਰ ਤਕਨੀਕ ਨੂੰ ਹੀ ਮਾਤ ਪਾ ਦਿੱਤਾ। ਆਪਣੀਆਂ ਜੜ੍ਹਾਂ ਆਪ ਹੀ ਕੁਤਰ ਕੇ ਉਹਨੇ ਸ਼ੈਲੀ ਦੀ ਹਰ ਹਮਕੀ ਤੁਮਕੀ ਜਰਨੀ ਸਿੱਖ ਲਈ। ਸ਼ੈਲੀ ਨੂੰ ਪੁਚ ਪੁਚ ਕਰਦੇ ਉਹਦਾ ਮੂੰਹ ਨਾ ਥੱਕਦਾ। ਸਬਜ਼ੀ ਭਾਜੀ ਦਾ ਭਾਅ ਤੈਅ ਕਰਨਾ ਅਤੇ ਸੜਕ ਪਾਰ ਕਰਨਾ ਤਾਂ ਮਾਂ ਲਈ ਆਮ ਗੱਲ ਹੋ ਗਈ।

ਇਥੋਂ ਤਕ ਕਿ ਘਰ ਦੇ ਗਲ-ਗਲ ਕੰਮਾਂ ਵਿਚ ਡੁੱਬੀ ਉਹ ਹਰ ਆਏ ਗਏ ਨੂੰ ਨੌਕਰਾਣੀ ਦਿੱਸਣ ਵਿੱਚ ਵੀ ਮਾਹਰ ਹੋ ਗਈ।

ਮੈਂ ਮਨ ਹੀ ਮਨ ਸ਼ੁਕਰ ਕੀਤਾ ਕਿ ਮਾਂ ਸ਼ਹਿਰ ਵਿੱਚ ਜੜ੍ਹਾਂ ਲਾ ਰਹੀ ਸੀ। ਮੈਂ ਸੁੱਖਣਾ ਸੁੱਖੀ। ਸ਼ੈਲੀ ਸੁਖ ਦਾ ਸਾਹ ਲਿਆ ਤੇ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਛੇਵੇਂ ਮਹੀਨੇ ਹੀ ਮੰਜਾ ਮੱਲ ਕੇ ਬੈਠ ਗਈ। ਆਖ਼ਰ ਮਾਂ ਪਿੰਡ ਲਈ ਕਿੰਨਾ ਕੁ ਤੜਫ ਸਕਦੀ ਸੀ। ਅਸਾਂ ਦੋਹਾਂ ਨੇ ਸੋਚਿਆ।

ਪਰ ਇੱਕ ਦਿਨ ਸਭ ਕੁਝ ਤਹਿਸ਼-ਨਹਿਸ਼ ਹੋ ਗਿਆ...।

ਗਈ ਰਾਤ 237 ਵਾਲਿਆਂ ਦੇ ਘਰੋਂ ਉੱਚੀ ਲੇਰ ਸੁਣੀ। ਮਾਂ ਤਾਂ ਜਿਵੇਂ ਹਵਾ ਵਿੱਚੋਂ ਵੀ ਖ਼ੁਸ਼ੀ ਗ਼ਮੀ ਸੁੰਘ ਲੈਂਦੀ ਸੀ। ਫਿਰ ਉੱਤੋਂ ਰਾਤ ਦਾ ਸੱਨਾਟਾ ਅਤੇ ਦਿਲ ਵਿੰਨ੍ਹਵੀਂ ਲੇਰ...। ਮਾਂ ਧਾਹ ਕੇ ਦੂਜੇ ਬਲਾਕ ਵੱਲ ਦੌੜੀ। ਮੈਂ ਵੀ ਜਾਣ ਲੱਗਾ ਤਾਂ ਸ਼ੈਲੀ ਤਰਲਾ ਲਿਆ। "ਕੀ ਕਰਦੇ ਓ... ਐਵੇਂ ਜਾ ਕੇ ਫਸ ਜੋਂ ਗੇ।"

ਅੱਗੇ ਗਏ ਤਾਂ ਸੱਥਰ ਵਿਛਿਆ ਪਿਆ। ਪਤਾ ਲੱਗਾ ਦੀਨ ਦਿਆਲ ਨਹੀਂ ਸੀ ਰਿਹਾ। "ਹਾਏ ਬੇ ਬੀਰ! ਉਹ ਤਾਂ ਬਾਹਲਾ ਚੰਗਾ ਸੀ।" ਮਾਂ ਦੇ ਕਾਲਜੇ ਜਿਵੇਂ ਡੂੰਘੀ ਪੀੜ ਹੋਈ।

ਮੈਨੂੰ ਯਾਦ ਆਇਆ, ਦੀਨ ਦਿਆਲ ਵੀ ਆਪਣੇ ਬੱਚਿਆਂ ਲਈ ਪਿੰਡੋਂ ਸ਼ਹਿਰ ਆਇਆ ਹੋਇਆ ਸੀ। ਸਬਜ਼ੀ ਭਾਜੀ ਖ਼ਰੀਦਦਿਆਂ, ਬੱਚੇ ਖਿਡਾਉਂਦਿਆਂ ਜਾਂ ਕੁੱਤੇ ਨੂੰ ਫੇਰੀ ਲਵਾਉਂਦਿਆਂ ਮਾਂ ਨੂੰ ਮਿਲਦਾ ਤਾਂ ਦੁੱਖ-ਸੁੱਖ ਫੋਲਦਾ। ਉਹਨੂੰ ਸਭ ਤੋਂ ਵੱਡਾ ਝੋਰਾ ਸੀ ਕਿ ਉਹਦੇ ਦੋਹਾਂ ਪੁੱਤਾਂ ਨੇ ਜਿਉਂਦੇ ਜੀ ਘਰ ਬਾਰ ਵੀ ਵੰਡ ਲਿਆ ਅਤੇ ਇਕ ਨੇ ਮਾਂ, ਦੂਜੇ ਨੇ ਪਿਓ ਲੈ ਲਿਆ। ਦੋਵੇਂ ਪੁੱਤ ਵੱਖੋ-ਵੱਖ ਸ਼ਹਿਰਾਂ ਵਿੱਚ ਸਨ। ਪਰ ਵਿਚਾਰਾ ਦੀਨ ਦਿਆਲ ਸ਼ਹਿਰ ਵਿੱਚ ਜੜ੍ਹਾਂ ਫੜਨ ਤੋਂ ਪਹਿਲਾਂ ਹੀ ਤੁਰਦਾ ਬਣਿਆ। ਇੱਕ ਪਲ ਮੈਂ ਮਾਂ ਬਾਰੇ ਸੋਚ, ਅੰਦਰੋਂ-ਅੰਦਰ ਕੰਬ ਗਿਆ।

ਮਾਂ ਰੋਣ ਵਰਗੇ ਬੋਲਾਂ ਨਾਲ ਅਫ਼ਸੋਸ ਕਰਨ ਲੱਗੀ ਤਾਂ ਕਿਸੇ ਟੋਕਿਆ।

"ਬਸ ਮਾਂ ਜੀ ਰੋਣਾ ਨਹੀਂ।" ਮਾਂ ਚੁੱਪ ਕਰ ਗਈ। ਪਤਾ ਲੱਗਾ ਘਰ ਵਿੱਚ ਬੱਚਿਆਂ ਦੇ ਪੇਪਰਾਂ ਦੀ ਤਿਆਰੀ ਚੱਲ ਰਹੀ ਸੀ। ਮਾਂ ਇੱਕ ਕੋਨੇ ਵਿਚ ਮੂੰਹ ਦੇ ਕੇ ਸਿਸਕੀਆਂ ਭਰਦੀ ਰੋਣ ਲੱਗੀ। ਮਾਂ ਨੂੰ ਦੇਖ ਇੱਕ ਦੋ ਆਈਆਂ ਗੁਆਂਢਣਾਂ ਵੀ ਰੋਣ ਲੱਗੀਆਂ।

"ਦੇਖੋ ਜੀ! ਜੇ ਇੱਥੇ ਰੋਣ ਧੋਣ ਦਾ ਹੀ ਪ੍ਰੋਗਰਾਮ ਚੱਲਣੈ ਤਾਂ ਮੈਂ ਬੱਚੇ ਕਿਸੇ ਹੋਰ ਘਰ ਭੇਜ ਦਿੰਨਾਂ ।" ਦੀਨ ਦਿਆਲ ਦਾ ਪੁੱਤ ਸਖ਼ਤੀ ਨਾਲ ਬੋਲਿਆ।

ਮਾਂ ਇੱਕਦਮ ਚੁੱਪ ਕਰ ਗਈ।

"ਚਲੋ ਭਾਈ! ਮਰਨਾ ਕੀਹਨੇ ਨਹੀਂ, ਜੱਗ ਚੱਲਦੀ ਸਰਾਂ ਐ ਪਰ ਇਸ ਪਰਿਵਾਰ ਨਾਲ ਤਾਂ ਬੁਰੀ ਹੋਈ। ਤੁਸੀਂ ਸੋਚੋ ਪਿੰਡੋਂ ਬਜ਼ੁਰਗ ਨੂੰ ਇਸ ਲਈ ਲੈ ਕੇ ਆਂਦਾ ਕਿ ਦੋਵੇਂ ਨੂੰਹ ਪੁੱਤ ਨੌਕਰੀ 'ਤੇ ਸਨ, ਚਲੋ ਬਜ਼ੁਰਗ ਬੱਚੇ ਸਾਂਭ ਲਊ। ਪਰ ਆਉਂਦੇ ਹੀ ਬਿਮਾਰ ਪੈ ਗਿਆ। ਸੁੱਖ ਦੀ ਥਾਂ ਖ਼ਰਚਾ ਵਧ ਗਿਆ। ਸ਼ੁਰੂ ਵਿੱਚ ਤਾਂ ਵਿਚਾਰੇ ਨੂੰ ਹਾਜਤ ਲਈ ਵੀ ਬੜੀ ਔਖ ਪੇਸ਼ ਆਈ। ਬਈ ਕੁਸ਼ ਕਹੋ ਟੱਬਰ ਨੇ ਬਜ਼ੁਰਗ ਬਦਲੇ ਔਖ ਬੜੀ ਝੱਲੀ।" ਕਿਸੇ ਕਿਹਾ।

"ਔਖ ਤਾਂ ਆਪੇ ਝੱਲਣੀ ਹੋਈ, ਤੁਸੀਂ ਸੋਚੋ, ਇਕ ਸ਼ਹਿਰਦਾਰੀ, ਬੱਚਿਆਂ ਦੀਆਂ ਮਹਿੰਗੀਆਂ ਪੜ੍ਹਾਈਆਂ ਤੇ ਉਤੋਂ ਬਿਰਧ ਬੰਦੇ ਦੀ ਬਿਮਾਰੀ।"

"ਬਿਮਾਰੀ ਤਾਂ ਭਾਈ ਸਾਬ੍ਹ ਉਨ੍ਹਾਂ ਆਪ ਲਈ" ਦੀਨ ਦਿਆਲ ਦੇ ਪੁੱਤ ਨੇ ਕਿਹਾ, "ਹਰ ਵੇਲੇ ਸ਼ਿਕਾਇਤ...

ਇੱਥੇ ਗੰਦ ਬਹੁਤ ਐ... ਰਿਸ਼ਵਤ ਐ... ਸ਼ੋਰ ਐ... ਅਖੇ ਘਰ 'ਚ ਕਿਉਂ ਹੱਗਦੇ ਉਂ। ਹੁਣ ਦੱਸੋ ਉਹਦੇ ਲਈ ਸ਼ਹਿਰ, ਘਰ ... ਸੜਕਾਂ ਨਵੀਆਂ ਬਣ ਜਾਂਦੀਆਂ।"

"ਕੁਝ ਵੀ ਸੀ... ਭਲੇ ਪੁਰਸ਼ ਸਨ ਵਿਚਾਰੇ ਨਾ ਚੰਗੀ ਨਾ ਮੰਦੀ ਜੋ ਮਿਲਿਆ ਪਾ ਲਿਆ, ਜੋ ਦਿੱਤਾ ਖਾ ਲਿਆ।" ਕਿਸੇ ਹੋਰ ਕਿਹਾ।

ਮਾਂ ਨੂੰ ਉਸ ਬੰਦੇ ਦੀ ਗੱਲ ਸ਼ਾਇਦ ਚੰਗੀ ਲੱਗੀ। ਉਹ ਉਸ ਵੱਲ ਉਚੇਚ ਨਾਲ ਝਾਕੀ। ਅਚਾਨਕ ਚੁੱਪ ਜਿਵੇਂ ਬੋਝਲ ਜਾਪਣ ਲੱਗੀ । ਸਾਹ ਘੁਟਣ ਲੱਗਾ। ਮੇਰੇ ਉੱਠਣ ਤੋਂ ਪਹਿਲਾਂ ਜਦੋਂ ਆਏ ਗੁਆਂਢੀ ਸਵੇਰੇ ਸਸਕਾਰ ਦਾ ਟਾਈਮ ਪੁੱਛ ਕੇ ਚਲੇ ਗਏ ਤਾਂ ਮੈਂ ਵੀ ਜਾਣ ਲਈ ਮਾਂ ਦਾ ਮੋਢਾ ਝੂਣਿਆ। ਮੈਨੂੰ ਲੱਗਾ, ਮਾਂ ਹੁਣੇ ਮੇਰਾ ਹੱਥ ਝਟਕ ਕੇ ਕਹੇਗੀ, "ਹੈ ਕਮਲਾ। ਐਂ ਕਿਵੇਂ ਮੋਈ ਮਿੱਟੀ ਨੂੰ ਛੱਡ ਕੇ ਘਰੇ ਜਾ ਪਵਾਂ?" ਪਰ ਮੈਂ ਹੈਰਾਨ ਰਹਿ ਗਿਆ, ਜਦੋਂ ਮਾਂ ਬਿਨਾਂ ਕੁਝ ਬੋਲੇ ਪੌੜੀਆਂ ਉੱਤਰ ਗਈ।...

ਸਵੇਰੇ ਜਦੋਂ ਦੂਜੇ ਬਲਾਕ ਦੇ ਵਿਹੜੇ ਵਿਚ ਮੁਰਦਾ ਗੱਡੀ ਆ ਖੜ੍ਹੀ ਤਾਂ ਮੈਂ ਬਾਹਰ ਸਾਡੇ ਗੁਆਂਢ ਵਿਚ ਰਹਿੰਦੀ ਬੰਗਾਲਣ, ਮਿਸਜ਼ ਬਾਸੂ ਬੋਲਦਿਆਂ ਸੁਣੀ। ਉਹ ਮਾਂ ਨੂੰ ਸ਼ਹਿਰ ਵਿਚ ਲੱਗੀ ਮੁਰਦਾ ਫੂਕਣ ਵਾਲੀ ਬਿਜਲਈ ਭੱਠੀ ਬਾਰੇ ਦੱਸ ਰਹੀ ਸੀ।

"ਮਾਂ ਜੀ! ਕੇਵਲ ਬੀਸ ਮਿੰਟ ਅਉਰ ਬੋਨ ਕਾ ਪੈਕਟ ਆਪ ਕੇ ਹਾਥ ਮੇਂ, ਪਾਨੀ ਮੇਂ ਫੇਂਕੋ ਅਉਰ ਛੁੱਟੀ... ਕੋਈ ਆਲਤੂ ਫ਼ਾਲਤੂ ਕਾ ਝੰਜਟ ਨਈਂ...।"

ਸੁਣਦਿਆਂ ਮੇਰੀ ਖਾਨਿਉਂ ਗਈ। ਮੈਨੂੰ ਲੱਗਾ, ਮਾਂ ਹੁਣੇ ਪੁੱਛੇਗੀ।

"ਪੁੱਤ, ਜੇ ਬੰਦੇ ਦਾ ਸਿਵਾ ਹੀ ਨਹੀਂ ਬਲਣਾ ਤਾਂ ਸਿੜ੍ਹੀ ਦੀ ਪਰਕਰਮਾ ਕੌਣ ਕਰੂ? ਅਗਨੀ ਕੌਣ ਦਖਾਊ? ਗਤੀ ਕਿਵੇਂ ਹੋਊ ਬੰਦੇ ਦੀ?" ਪਰ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮਾਂ ਕੁਝ ਵੀ ਨਾ ਬੋਲੀ ਅਤੇ ਚੁੱਪ ਚਾਪ ਲਾਸ਼ ਨੂੰ ਗੱਡੀ ਵਿੱਚ ਲੱਦਦਿਆਂ ਉਪਰਲੀ ਮੰਜ਼ਿਲ ਤੋਂ ਹੀ ਵੇਖਦੀ ਰਹੀ। ਜਾਂ ਫਿਰ ਚਾਰ ਪੰਜ ਬੰਦਿਆਂ ਨੂੰ ਮੁਰਦਾ ਗੱਡੀ ਨਾਲ ਜਾਂਦੇ ਦੇਖਦੀ ਰਹੀ। ਨਾ ਉਸ ਆਪ ਸਿਵਿਆਂ ਤੱਕ ਜਿੱਦ ਕੀਤੀ, ਨਾ ਮੈਨੂੰ ਜਾਣ ਲਈ ਕਿਹਾ।

ਉਸ ਦਿਨ ਤੋਂ ਬਾਅਦ ਮਾਂ ਬਿਲਕੁਲ ਚੁੱਪ ਹੋ ਗਈ। ਇਕ ਦਿਨ ਅਚਾਨਕ ਕਹਿਣ ਲੱਗੀ।

"ਪੁੱਤ। ਭਲਾ ਜੜ੍ਹਾਂ ਕਿੱਥੇ ਹੁੰਦੀਐਂ ਬੰਦੇ ਦੀਆਂ?" ਉੱਤਰ ਵਿਚ ਮੈਂ ਨੀਵੀਂ ਪਾ ਲਈ। ਉਸ ਦਿਨ ਤੋਂ ਬਾਅਦ ਸਾਡੇ ਲਈ ਮਾਂ ਦੀ ਚੁੱਪ ਅਸਹਿ ਹੋ ਗਈ। ਅਸੀਂ ਮਾਂ ਦੀ ਹਰ ਗੱਲ ਵਿਚੋਂ ਇਕ ਚੋਭ ਮਹਿਸੂਸ ਕਰਦੇ। ਮਾਂ ਹਰ ਗੱਲ ਨੂੰ ਦੀਨ ਦਿਆਲ ਦੀ ਮੌਤ ਵਿਚੋਂ ਦੇਖਣ ਲੱਗ ਪਈ ਤਾਂ ਅਸੀਂ ਚਾਹਿਆ, ਮਾਂ ਜਿੰਨੀ ਛੇਤੀ ਹੋ ਸਕਦੈ ਪਿੰਡ ਚਲੀ ਜਾਵੇ।

ਪਰ ਹੁਣ, ਜਦੋਂ ਕਿ ਮੈਂ ਮਾਂ ਨੂੰ ਲੈ ਕੇ ਪਿੰਡ ਪਰਤ ਰਿਹਾ ਹਾਂ ਤਾਂ ਸੋਚਦਾ ਹਾਂ ਕੁਝ ਵੀ ਸੀ, ਮਾਂ ਨੂੰ ਸ਼ੈਲੀ ਦੀ ਇਸ ਹਾਲਤ ਵਿਚ ਪਿੰਡ ਨਹੀਂ ਸੀ ਪਰਤਣਾ ਚਾਹੀਦਾ।...

ਜਿਉਂ ਹੀ ਅਸੀਂ ਪਿੰਡ ਦੀ ਜੂਹ ਵਿਚ ਦਾਖ਼ਲ ਹੋਏ, ਮਾਂ ਇਕਦਮ ਚਹਿਕ ਉੱਠੀ।

ਨਿਆਈਆਂ ਵਿਚ ਨਰਮਾ ਚੁੱਗਦੀਆਂ ਤੀਵੀਆਂ ਉੱਠ ਕੇ ਜਿਵੇਂ ਮਾਂ ਦੇ ਗਲ ਨਾਲ ਚਿੰਬੜ ਗਈਆਂ। ਪਿੰਡ ਦੀ ਗਲੀ ਵਿਚ ਵੜਦਿਆਂ ਤਾਂ ਹੱਦ ਹੀ ਹੋ ਗਈ। ਜਿਸ ਜਿਸ ਨੇ ਵੀ ਮਾਂ ਦੇ ਪਿੰਡ ਆਉਣ ਬਾਰੇ ਸੁਣਿਆ, ਉਹ ਮਾਂ ਦੁਆਲੇ ਝੁਰਮਟ ਵਾਂਗ ਜੁੜ ਗਿਆ। ਮੈਨੂੰ ਲੱਗਾ, ਮਾਂ ਜਿਵੇਂ ਵਿਸਰ ਹੀ ਗਈ ਸੀ ਕਿ ਮੈਂ ਵੀ ਉਹਦੇ ਨਾਲ ਸਾਂ।

ਮੈਂ ਇਕ ਦੋ ਵਾਰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦਾ ਯਤਨ ਵੀ ਕੀਤਾ, ਪਰ ਸਭ ਵਿਅਰਥ। ਹਰ ਕੋਈ, "ਕਿਵੇਂ ਐ ਅਫ਼ਸਰਾ" ਕਹਿ ਕੇ ਪਾਸਾ ਵੱਟ ਗਿਆ। ਮੈਨੂੰ ਯਾਦ ਆਇਆ। ਜਦੋਂ ਤੋਂ ਮੈਂ ਸ਼ਹਿਰ ਰਹਿਣ ਲੱਗਾ ਸਾਂ, ਮੇਰੇ ਨਾਲ ਇੰਜ ਹੀ ਹੁੰਦਾ ਸੀ। ਇਕਾ ਇਕ ਮੇਰਾ ਮਨ ਪੀੜ ਨਾਲ ਭਰ ਗਿਆ।

ਮੈਂ ਇਕ ਨਜ਼ਰ ਮਾਂ ਨੂੰ ਤੀਵੀਆਂ ਵਿਚ ਚਹਿਕਦੇ ਦੇਖਿਆ ਅਤੇ ਸੋਚਿਆ, ਇਹ ਮਾਂ ਤਾਂ ਉਹ ਮਾਂ ਹੀ ਨਹੀਂ ਸੀ, ਜਿਸ ਨੂੰ ਮੈਂ ਸ਼ਹਿਰੋਂ ਲੈ ਕੇ ਪਰਤਿਆ ਸਾਂ। ਇਹ ਮਾਂ ਤਾਂ ਸ਼ਹਿਰ ਗਈ ਹੀ ਨਹੀਂ ਸੀ।... ਅਚਾਨਕ ਮੈਨੂੰ ਕਿਧਰੇ ਪੜ੍ਹਿਆ ਯਾਦ ਆਇਆ।

"ਬੰਦਿਆ ਤੇਰੀਆਂ ਦਸ ਦੇਹੀਆਂ" ਪਰ ਅਗਲੇ ਹੀ ਪਲ ਮੈਂ ਇਹ ਖ਼ਿਆਲ ਝਟਕ ਦਿੱਤਾ ਅਤੇ ਸੋਚਿਆ, ਇਹ ਤਸ਼ਬੀਹ ਵੀ ਠੀਕ ਨਹੀਂ ਸੀ। ਕੀ ਪਤਾ ਜੜ੍ਹਾਂ ਖੱਗੇ ਜਾਣ ਦੀ ਕੋਈ ਉਮਰ ਹੋਵੇ। ਸ਼ਾਇਦ ਇਸੇ ਲਈ ਮਾਂ ਸ਼ਹਿਰ ਜੜ੍ਹਾਂ ਨਹੀਂ ਸੀ ਲਾ ਸਕੀ। ਪਰ ਪਤਾ ਨਹੀਂ ਕਿਉਂ? ਮੈਂ ਇਹ ਖ਼ਿਆਲ ਵੀ ਝਟਕ ਦਿੱਤਾ ਅਤੇ ਬੜੇ ਦੁਖੀ ਮਨ ਨਾਲ ਸੋਚਣ ਲੱਗਾ ਕਿ ਆਖ਼ਰ ਮੈਂ, ਕਿਹੜੇ ਲੋਕਾਂ ਵਿਚੋਂ ਸਾਂ? ਜਿਨ੍ਹਾਂ ਨੂੰ ਸ਼ਹਿਰ ਦੀ ਮਿੱਟੀ ਕਦੇ ਰਾਸ ਨਹੀਂ ਸੀ ਆਈ ਅਤੇ ਪਿੰਡ ਦੀ ਮਿੱਟੀ ਵਿਚ ਜੜ੍ਹਾਂ ਲਈ ਕੋਈ ਥਾਂ ਹੀ ਨਹੀਂ ਸੀ ਰਹੀ। ਪਰ ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਸੋਚਦਾ, ਮੈਨੂੰ ਲੱਗਾ, ਮੇਰੀਆਂ ਤਾਂ ਜਿਵੇਂ ਜੜ੍ਹਾਂ ਹੀ ਨਹੀਂ ਸਨ...।

..................................................

# ਬੀਤੇ ਦੀਆਂ ਪੈੜਾਂ



**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਪ੍ਰਸ਼ਾਦ ਛੱਕ ਕੇ ਸੱਚੇ ਪਾਤਸ਼ਾਹ ਬਾਹਰ ਗਏ ਤਾਂ ਦਰਸ਼ਨਾਰਥੀਆਂ ਨੇ ਨਮਸਕਾਰਾਂ ਕਰਕੇ ਚਿੱਤ ਪ੍ਰਸੰਨ ਕੀਤਾ। ਮੈਨੂੰ ਸੰਤ ਮਹਿੰਦਰ ਸਿੰਘ ਪੂਰਬਾ ਤੋਂ ਪਤਾ ਲੱਗਾ ਕਿ ਹਾਰਨੀਆਂ ਦਾ ਸ. ਗੁਰਦੀਪ ਸਿੰਘ ਮਹਿਮਦ ਵਾਲੀਆ (54) 11 ਵਜੇ ਦਿਨੇ ਨੂੰ ਪੂਰਾ ਹੋ ਗਿਆ ਹੈ। ਸੰਤ ਤਰਸੇਮ ਸਿੰਘ ਤੋਂ ਬਾਅਦ ਵਿਚ ਮਾਲੂਮ ਹੋਇਆ ਕਿ 16 ਮਈ ਨੂੰ ਸ੍ਰੀ ਸਤਿਗੁਰੂ ਜੀ ਵਿਸ਼ੇਸ਼ ਕਰ ਸੰਤ ਗੁਰਦੀਪ ਸਿੰਘ ਦੇ ਸਸਕਾਰ ਵਿਚ ਸ਼ਾਮਲ ਹੋਏ। ਇਸ ਦਿਨ 4 ਵਜੇ ਇਹਦਾ ਸਸਕਾਰ ਸੀ। ਘਰ ਵਾਲਿਆਂ ਬੇਨਤੀ ਕਿ ਹਜ਼ੂਰੀ ਵਿਚ ਹੀ 12:30 ਵਜੇ ਸਾਧ ਸੰਗਤ ਨਾਲ ਨਾਮ ਸਿਮਰਨ ਕਰਕੇ ਹਾਰਨੀਆਂ ਵਿਖੇ ਗੁਰੂ ਕੀ ਹਜ਼ੂਰੀ ਵਿਚ ਭੋਗ ਪਾ ਦਿੱਤਾ। ਨਾਮਧਾਰੀਆਂ ਵਿਚ 40 ਦਿਨ ਪਿਛੋਂ ਤੱਕ ਪਾਠ ਕਰ ਲੈਣ ਦਾ ਵਿਧਾਨ ਹੈ।

ਤਰਸੇਮ ਸਿੰਘ ਸਕੱਤਰ ਨੇ ਸ੍ਰੀ ਸਤਿਗੁਰੂ ਜੀ ਦੇ ਪ੍ਰਸ਼ਾਦ ਛਕਣ ਸਮੇਂ ਗੱਲ ਬਾਤ ਕਰ ਪ੍ਰੋ. ਇੰਦਰ ਸਿੰਘ ਡਾਲਟਨ ਨਾਲ ਇਹ ਪ੍ਰੋਗਰਾਮ ਤੈ ਕੀਤਾ:

17 ਜੂਨ ਨੂੰ ਬੈਂਗਲੌਰ ਤੋਂ ਸ੍ਰੀ ਸਤਿਗੁਰੂ ਜੀ ਬਜ਼ਰੀਆ ਸਰਾਜ਼ ਦਿੱਲੀ<br>
18 ਜੂਨ ਨੂੰ ਰਾਂਚੀ- ਰਾਤ ਡਾਲਟਨ ਗੰਜ<br>
19 ਡਾਲਟਨ ਗੰਜੋਂ ਹਜ਼ਾਰੀ ਬਾਗ ਰਾਤ ਨੂੰ<br>
20 ਜੂਨ ਨੂੰ ਓਥੋਂ ਦਾ ਫੰਕਸ਼ਨ ਕਰਕੇ ਫੇਰ ਵਾਪਸੀ ਡਾਲਟਨ ਰਾਤ<br>
ਇਸ ਵਿਚ ਹਵਾਈ ਸਫਰ ਦੀ ਸਹੂਲਤ ਨੂੰ ਮੁਖ ਰੱਖ ਬਦਲ ਕੀਤੀ ਜਾ ਸਕਦੀ ਹੈ।

ਮੈਂ ਸੰਤ ਤਰਸੇਮ ਸਿੰਘ ਨੂੰ ਉਸਦੇ ਕਮਰੇ ਵਿੱਚ ਜਾਂਦੇ ਮਿਲਿਆ। ਮੇਰੇ ਨਾਲ ਗੁਰੂ ਕਾ ਸਾਬਕਾ ਸਕੱਤਰ ਗੁਰਭਜਨ ਸਿੰਘ ਸੀ।

ਤਰਸੇਮ ਸਿੰਘ ਤੋਂ ਹੇਠ ਲਿਖੇ ਅਨੁਸਾਰ ਪਤਾ ਲੱਗਾ:

**14–5–87** ਪ੍ਰੋ. ਇੰਦਰ ਸਿੰਘ ਦੀ ਲੜਕੀ ਦਾ ਆਸਾ ਦੀ ਵਾਰ ਉਪਰੰਤ 5:30 ਵਜੇ ਅਨੰਦ ਕਾਰਜ ਕਰਕੇ ਜ਼ਿਲ੍ਹਾ ਸਿਰਸਾ ਲਈ ਪ੍ਰਸਥਾਨ ਸ੍ਰੀ ਸਤਿਗੁਰੂ ਜੀ ਦਾ।

ਪ੍ਰਸ਼ਾਦ ਅਤੇ ਆਰਾਮ ਪਨਿਹਾਰੀ ਸ. ਜਗਤਾਰ ਸਿੰਘ ਜੀ ਦੇ ਘਰ ਏਥੇ ਸ. ਜੁਗਿੰਦਰ ਸਿੰਘ 17-ਓ ਦੇ ਘਰ ਸੱਚੇ ਪਾਤਸ਼ਾਹ ਸਾਂਤਵਨਾ ਦੇਣ ਪਧਾਰੇ।

ਏਥੋਂ ਸੰਤ ਨਗਰ ਵਿਖੇ ਸੰਤ ਗੁਰਦਿਆਲ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਵਲੋਂ ਸਮੂਹਕ ਨਾਮ ਸਿਮਰਨ ਸਮੇਂ ਦਰਸ਼ਨ ਦਿੱਤੇ, ਅੱਜ ਸੰਤ ਜੀ ਦੇ ਘਰੋਂ ਬੀਬੀ ਦਾ ਵਰ੍ਹੀਣਾ ਹੈ।

**15–5–87**

ਆਸਾ ਦੀ ਵਾਰ ਸਮੇਂ ਸੰਤ ਨਗਰ ਸੰਤ ਗੁਰਦਿਆਲ ਸਿੰਘ ਜੀ ਦੇ ਗ੍ਰਹਿ ਵਿਖੇ। ਹਜ਼ੂਰੀ ਵਿਚ ਅਖੰਡ ਪਾਠ ਦਾ ਭੋਗ।

ਇਸੇ ਦਿਨ ਸਤਿਗੁਰੂ ਜੀ ਦੇ ਇਕ ਪ੍ਰੇਮੀ ਡਾ. ਅਜੈਪਾਲ ਸਿੰਘ ਗਿੱਲ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਨਾਲ ਫਿਰ ਕੇ ਆਪਣੇ ਕਿਨੂੰ, ਅੰਗੂਰ ਅਤੇ ਇਲਾਕੇ ਵਿੱਚ ਲੁਆਏ ਗਏ, 200 ਏਕੜ ਅੰਗੂਰ ਬਾਗ ਵਿਖਾਏ। ਮਸਤਾਨ ਗੜ੍ਹ ਵਿਚ ਦੋ ਬੂਟੇ ਪਿਸਤੇ ਦੇ ਵੀ ਹਨ, ਜਿਨ੍ਹਾਂ ਨੂੰ ਵੇਖ ਡਾ. ਗਿੱਲ ਬਹੁਤ ਪ੍ਰਸੰਨ ਹੋਇਆ।

ਅੱਜ ਹੀ ਅੰਮ੍ਰਿਤਸਰ ਕਲਾਂ ਵਿਖੇ ਭਿਖੀ ਵਾਲੇ ਸੰਤ ਦਲੀਪ ਸਿੰਘ ਦੇ ਘਰ ਗੁਰੂ ਕੀ ਹਜ਼ੂਰੀ ਵਿਚ ਪਹਿਲਾਂ ਨਾਮ ਸਿਮਰਨ ਅਤੇ ਫਿਰ ਉਸ ਦੀ ਸਿੰਘਣੀ ਨਮਿਤ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ।

ਸ਼ਾਮ ਨੂੰ 4:35 ਵਜੇ ਸੰਤ ਗੁਰਦੀਪ ਸਿੰਘ ਹਾਰਨੀਆਂ ਦੇ (ਦਿਲ ਦੀ ਹਰਕਤ ਬੰਦ ਹੋ ਜਾਣ ਨਾਲ) ਸਰੀਰ ਦੇ ਦਾਹ ਸੰਸਕਾਰ ਸਮੇਂ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਿਆਰੇ ਦੇ ਮ੍ਰਿਤ ਸਰੀਰ ਨੂੰ ਦਰਸ਼ਨ ਦੇ ਕੇ ਨਿਵਾਜਿਆ। ਇਹ ਸਿੰਘ ਮਹਾਰਾਜ ਜੀ ਨਾਲ ਉਨ੍ਹਾਂ ਵਾਂਗ ਹੀ ਨਿਰਦੋਸ਼ ਵੀ ਸਜ਼ਾ ਭੁਗਤਦਾ ਰਿਹਾ। ਜਦੋਂ ਇਹਨਾਂ ਨੂੰ ਸਜ਼ਾ ਹੋ ਜਾਣ ਦਾ ਪਤਾ ਲੱਗਾ ਤਾਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਹਨਾਂ ਦੇ ਪਿਤਾ ਸੰਤ ਟਹਿਲ ਸਿੰਘ ਨੂੰ ਕਿਹਾ ਕਿ ਉਹ ਨੇ ਚਾਹੁਣ ਤਾਂ ਦੇਵੀ ਲਾਲ ਦੀ ਮਿਨਤ ਕਰਕੇ ਬਰੀ ਹੋਣ ਦੇ ਚਾਨਸ ਬਣਾ ਸਕਦੇ ਹਨ, ਉਹਨਾਂ (ਸਤਿਗੁਰਾਂ) ਨੂੰ ਕੋਈ ਇਤਰਾਜ਼ ਨਹੀਂ। ਇਸ ਤੇ ਸੰਤ ਟਹਿਲ ਸਿੰਘ ਨੇ ਉਤਰ ਦਿੱਤਾ ਸੀ ਕਿ ਜੇ ਮਹਾਰਾਜ ਬੀਰ ਸਿੰਘ ਨਿਰਦੋਸ਼ ਜ਼ੇਲ੍ਹ ਭੁਗਤ ਸਕਦੇ ਹਨ ਤਾਂ ਮੇਰੇ ਬੱਚਿਆਂ ਲਈ ਵੀ ਇਹ ਕੋਈ ਓਪਰੀ ਨਹੀਂ। ਨੌ ਮਹੀਨੇ ਜੇਲ ਸੰਤ ਗੁਰਦੀਪ ਸਿੰਘ ਅਤੇ ਸੰਤ ਅਵਤਾਰ ਸਿੰਘ (ਨਾਮ ਬਾਰੇ ਸ਼ੰਕਾ ਹੈ) ਨੇ ਕੱਟੀ।

ਇਹਨਾਂ ਦਾ ਪ੍ਰੇਮ ਸਤਿਗੁਰੂ ਜੀ ਨਾਲ ਏਨ੍ਹਾਂ ਰਿਹਾ ਕਿ ਇਹ ਸਤਾਰ੍ਹੀਏ ਵਾਲਾ ਭੋਗ 18-5-87 ਅਰਥਾਤ ਮਿਰਤੂ ਤੋਂ ਚੌਥੇ ਦਿਨ ਹੀ ਪ੍ਰਆਣ ਲਈ ਤਿਆਰ ਹੋ ਗਏ ਕਿਉਂਕਿ ਸ੍ਰੀ ਸਤਿਗੁਰੂ ਜੀ ਏਸੇ ਦਿਨ ਹੀ ਉਪਲਬਧ ਸਨ। ਕਿਸੇ ਲੋਕਾਚਾਰ ਦੀ ਪਰਵਾਹ ਨਹੀਂ ਕੀਤੀ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਹੀ ਪ੍ਰਧਾਨ ਰਹੀ। ਸਤਿਗੁਰੂ ਜੀ 12:30 ਤੱਕ ਸਮੂਹਿਕ ਨਾਮ ਸਿਮਰਨ ਅਤੇ ਇਸਦੇ ਅੰਤ ਤੇ ਸੰਤ ਗੁਰਦੀਪ ਸਿੰਘ ਨਮਿੱਤ ਭੋਗ ਪਾ ਕੇ ਹੀ ਦਿੱਲੀ ਵਾਸਤੇ ਚੱਲੇ।

ਏਸੇ ਘਰ ਹਾਰਨੀਆਂ ਸਾਂਤਵਨਾ ਦੇਣ ਹਿੱਤ ਇਕ ਵਾਰ ਸੱਚੇ ਪਾਤਸ਼ਾਹ 16-5-87 ਨੂੰ ਵੀ ਪਧਾਰੇ।

**16-5-87**

ਆਸਾ ਦੀ ਵਾਰ ਦੇ ਕੀਰਤਨ ਸਮੇਂ ਸ੍ਰੀ ਸਤਿਗੁਰੂ ਜੀ ਨੇ ਪੂਰਬੀ ਕਰੀਵਾਲੇ ਧਰਮਸ਼ਾਲਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਕਰੀਵਾਲੇ ਦੇ ਨੌਜਵਾਨਾਂ ਦਾ ਇਕ ਜਥਾ ਰੋਜ਼ਾਨਾ ਆਸਾ ਦੀ ਵਾਰ ਦਾ ਕੀਰਤਨ ਕਰਦਾ ਹੈ। ਇਸ ਨਾਲ ਸਤਿਗੁਰੂ ਜੀ ਦਾ ਇਕਰਾਰ ਹੈ ਕਿ ਜੀਵਨ ਨਗਰ ਇਲਾਕੇ ਵਿਚ ਆਇਆਂ ਇਕ ਦਿਨ ਸਵੇਰ ਦੇ ਕੀਰਤਨ ਸਮੇਂ ਆਇਆ ਕਰਨਗੇ।

ਇਹਨਾਂ ਨੂੰ ਨਿਵਾਜ ਸ. ਸੰਤ ਸਿੰਘ ਬਾਜੇ ਵਾਲਿਆਂ (ਦਮਦਮਾ) ਦੀਆਂ ਦੋ ਲੜਕੀਆਂ ਬਣੀ ਦੇ ਲਾਗੇ (4 ਕਿਲੋਮੀਟਰ ਹਟਵੀਆਂ) ਪਰਿਵਾਰ ਸਮੇਤ ਖੇਤਾਂ ਵਿਚਲੇ ਡੇਰੇ ਰਹਿੰਦੀਆਂ ਹਨ, ਉਹਨਾਂ ਦੀ ਬੇਨਤੀ ਤੇ ਉਹਨਾਂ ਨੂੰ ਵੀ ਦਰਸ਼ਨ ਦੇ ਆਏ, ਭਾਵ ਕਰੀਵਾਲੇ ਤੋਂ 10 ਕਿਲੋਮੀਟਰ ਦੇ ਫਾਸਲੇ ਤੇ ਜਾ ਕੇ ਦਰਸ਼ਨ ਦੀ ਦਾਤ ਬਖਸ਼ੀ।

ਇਸ ਦਿਨ ਦਾ ਸਮੂਹਕ ਨਾਮ ਸਿਮਰਨ ਸੰਤ ਗੁਰਦਿਆਲ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਸ੍ਰੀ ਜਗਜੀਤ ਨਗਰ (ਸਹੁਰਿਆਂ ਦਾ ਨਗਰ) ਜਾ ਕੇ ਕੀਤਾ ਅਤੇ ਜਲ ਪਾਣ ਲਈ ਸ. ਮਹਿੰਦਰ ਸਿੰਘ ਬੱਲ ਨਕੋੜਾ ਦੀ ਨਾਮਧਾਰੀ ਰਾਈਸ ਮਿਲ ਜੀਵਨ ਨਗਰ ਨੂੰ ਭਾਗ ਲਾਏ। ਮਿਲ ਉਤੇ ਅੱਜ ਕੱਲ ਬੱਲ ਸਾਹਿਬ ਦਾ ਵੱਡਾ ਲੜਕਾ ਸ. ਇਕਬਾਲ ਸਿੰਘ ਤੇ ਬੀਬੀ ਸੁਖਬੀਰ ਕੌਰ ਸਪੁੱਤਰੀ ਸਵਰਗ ਵਾਸੀ ਸੰਤ ਗੁਰਬਚਨ ਸਿੰਘ ਢੇਦੀਆਂ, ਰਿਹਾਇਸ਼ ਰਖਦੇ ਹਨ। ਸਤਿਗੁਰੂ ਜੀ ਨੇ ਬੱਲ ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ।

**17-5-87**

ਅੱਜ ਦਿਨ ਦਾ ਆਰੰਭ ਅਮ੍ਰਿਤਸਰ ਕਲਾਂ ਦੇ ਸੰਤ ਬਲਦੇਵ ਸਿੰਘ ਦੇ ਗ੍ਰਹਿ ਵਿਖੇ ਆਸਾ ਦੀ ਵਾਰ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਨਾਲ ਹੋਇਆ। ਵਾਰ ਦੇ ਭੋਗ ਉਪਰੰਤ ਏਥੇ ਹੀ ਇਕ ਅਖੰਡਪਾਠ ਦਾ ਭੋਗ ਵੀ ਪਿਆ।

ਫੇਰ ਸੰਤ ਕਰਨੈਲ ਸਿੰਘ ਸਪੁੱਤਰ ਸੰਤ ਪਾਲਾ ਸਿੰਘ ਘਰਜਾਖੀਏ ਦੀ ਮਾਤਾ ਨੂੰ ਉਨ੍ਹਾਂ ਦੇ ਡੇਰੇ ਜਾ ਕੇ ਦਰਸ਼ਨ ਦੇਣ ਦੀ

ਕਿਰਪਾ ਕੀਤੀ।

ਉਪਰੰਤ ਸ੍ਰੀ ਸਤਿਗੁਰੂ ਜੀ ਸੰਤ ਗੁਰਦਿਆਲ ਸਿੰਘ ਸ੍ਰੀ ਜਗਜੀਤ ਨਗਰ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇਣ ਹਿੱਤ ਪਧਾਰੇ।

ਸੰਤ ਤਰਸੇਮ ਸਿੰਘ ਤੋਂ ਉਪ੍ਰੋਕਤ ਜਾਣਕਾਰੀ ਲੈ ਮੈਂ ਅਤੇ ਗੁਰਭਜਨ ਸਿੰਘ, ਸੰਤ ਜਸਵੰਤ ਸਿੰਘ ਟੇਲਰ ਮਾਸਟਰ ਨੂੰ ਨਾਮਧਾਰੀ ਸੂਟ, ਸਿਲਾਈ ਲਈ ਮਨਧੀਰ ਸਿੰਘ, ਯਾਦਵਿੰਦਰ ਸਿੰਘ ਪਿਤਾ ਪੁੱਤਰ ਅਤੇ ਸੁਖਬੀਰ ਸਿੰਘ ਦੇ ਕੇ ਤ੍ਰਿਵੇਣੀ ਕਲਾ ਸੰਗਮ ਦੀ ਸ੍ਰੀ ਧਰਮ ਕਲਾ ਦੀਰਘਾ ਵਿਚ ਪਹੁੰਚੇ।

ਗੱਲ ਕਰਦਿਆਂ ਕੋਈ ਐਸੀ ਖੂਬਸੂਰਤ ਫਿਕਰਾਬੰਦੀ ਹੋ ਗਈ ਕਿ ਮੈਂ ਵਿਵੱਸ਼ ਹੋ ਕੇ ਆਖਿਆ: ਮੈਂ ਨਾਲ ਲੱਗ ਜਾਵਾਂਗਾ ਫੇਰ ਆਪ ਜੀ ਨੂੰ ਨਹਾਉਣਾ ਪਊ। ਸਤਿਗੁਰਾਂ ਬਚਨ ਕੀਤਾ: ਮੇਰੇ ਨਾਲ ਲਗੋਗੇ ਤਾਂ ਮੇਰਾ ਭਲਾ ਹੀ ਕਰੋਗੇ। ਮੈਨੂੰ ਪਵਿੱਤਰ ਕਰੋਗੇ, ਪਤਾ ਨਹੀਂ ਮੇਰੇ ਕਿਹੜੇ-ਕਿਹੜੇ ਪਾਪ ਤੁਹਾਡੇ ਨਾਲ ਲੱਗਿਆਂ ਕਾਫੂਰ ਹੋਣਗੇ। ਮੇਰੇ ਵਾਸਤੇ ਫੇਰ ਕੋਈ ਥਾਂ ਨਹੀਂ ਸੀ, ਤਾਂ ਵੀ ਇਕ ਚੁੱਪ ਕੀਤੀ ਗਲਵਕੜੀ ਪੈ ਗਈ।

ਸ੍ਰੀ ਸਤਿਗੁਰੂ ਜੀ ਦੀ ਪਹੁੰਚ ਨੂੰ ਵੇਖ ਮੈਂ ਇੱਕ ਰੁਬਾਈ ਲਿਖੀ ਹੈ। ਅੱਜ ਮੈਂ ਉਹ ਆਪ ਜੀ ਦੇ ਕੰਨ ਕੋਲ ਸੁਣਾਈ-

**ਕਹਿੰਦੇ ਸਾਂ ਪੱਥਰ ਕਿੰਜ ਢਲਦੇ, ਇਸ ਨੇ ਢਾਲ ਵਖਾਇਆ।**
**ਪਾਣੀ ਵਾਂਗ ਤਰਲ ਹੈ ਕੀਤਾ ਪੁਣ-ਪੁਣ ਕੇ ਪਤਲਾਇਆ।**
**ਹੁਣ ਬੇ-ਰੜਕ ਕੈਦ ਹਾਂ ਹੋਏ ਇਸਦੀਆਂ ਨਜਰਾਂ ਅੰਦਰ**
**ਵਾਹ ਪਿਆਰਾ ਤੂੰ ਸਰਬ ਸ਼ਕਤੀਆਂ ਆਪ ਅਸਾਂ ਅਜਮਾਇਆ।**

ਅੰਗਰੇਜ਼ੀ ਸ਼ਬਦ ਮਾਰਵੈਲੱਸ ਦੋ ਵਾਰ ਆਖ ਕੇ ਰੁਬਾਈ ਦੀ ਪ੍ਰਸੰਸਾ ਕੀਤੀ।

ਮੈਂ ਸਤਿਗੁਰੂ ਜੀ ਨਾਲ ਅੱਜ ਘੜੀ ਮੁੜੀ ਤੇ ਅੰਤਰਿਕ ਗੱਲਾਂ ਕਰਨ ਕਰਕੇ ਬਹੁਤ ਰੱਜਿਆ ਰੱਜਿਆ ਸਾਂ।

ਸ੍ਰੀ ਸਤਿਗੁਰੂ ਜੀ ਨੇ ਅੱਜ ਨਾਮ ਸਿਮਰਨ ਤੋਂ ਪਹਿਲਾਂ ਪਤਾ ਨਹੀਂ ਹੋਰ ਕਿੰਨੀਂ ਥਾਈਂ ਦਰਸ਼ਨ ਦੇਣ ਜਾਣਾ ਹੈ ਪਰ ਗਿਆਨੀ ਬਲਬੀਰ ਸਿੰਘ ਰਮੇਸ਼ ਨਗਰ ਨੇ ਅਰਜ਼ ਕੀਤੀ ਹੋਈ ਹੈ, ਜਲ ਪਾਨ ਦੀ। ਸਤਿਗੁਰੂ ਜਥੇ ਸਮੇਤ ਉਸਨੂੰ ਨਿਵਾਜਣ 3:30 ਵਜੇ ਗਏ। ਮੈਂ ਸੰਤੋਖ ਸਿੰਘ ਸਾਜਨ ਅਤੇ ਗੁਰਭਜਨ ਸਿੰਘ ਨਾਲ ਘਰ ਵੱਲ ਨੂੰ ਆ ਗਿਆ। ਜਦੋਂ ਕਿ ਸਾਜਨ ਕਰੋਲਬਾਗ ਅਤੇ ਗੁਰਭਜਨ ਸਿੰਘ ਰਾਜਿੰਦਰ ਨਗਰ ਆਲੇ ਗਡੀਉਂ ਲਥ ਪਏ। ਨਾਮ ਸਿਮਰਨ ਰਮੇਸ਼ ਨਗਰ ਹੈ 4 ਵਜੇ, ਪਰ ਮੈਂ ਨਹੀਂ ਇਸ ਸੁਅਵਸਰ ਦਾ ਲਾਭ ਲੈ ਸਕਾਂਗਾ।

### 20-5-87 ਬੁੱਧਵਾਰ
### ਨਵੀਂ ਦਿਲੀ

ਆਸਾ ਦੀ ਵਾਰ ਦਾ ਆਯੋਜਨ ਅੱਜ ਸਾਹਿਬਪੁਰੇ ਦੀ ਨਾਮਧਾਰੀ ਧਰਮਸ਼ਾਲ ਵਿਖੇ ਹੈ। ਇਸ ਤੋਂ ਪਿੱਛੋਂ ਡੇਢ ਘੰਟੇ ਲਈ ਸਾਧ ਸੰਗਤ ਦੇ ਘਰੀਂ ਚਰਨ ਪਾਉਣ ਦਾ ਪ੍ਰੋਗਰਾਮ ਵੀ ਹੈ। ਸ੍ਰੀ ਸਤਿਗੁਰੂ ਜੀ ਕਾਫੀ ਵਿਅਸਤ ਰਹਿਣਗੇ।


ਮੈਂ ਪੂਸਾ ਰੋਡ ਕੋਠੀ ਵਿਖੇ 12:30 ਵਜੇ ਪ੍ਰਥਮ ਦਰਸ਼ਨਾਂ ਲਈ ਪਹੁੰਚਾ। ਦੁਪਹਿਰ ਤਿੱਖੜ ਸੀ। 42 ਸੈਂਟੀਗ੍ਰੇਡ ਤੋਂ ਵੱਧ ਦੀ ਗਰਮੀ ਸੀ। ਮੈਂ ਸੇਵਕਾਂ ਵਾਲੇ ਕਮਰੇ ਵਿਚ ਬੈਠਕੇ ਸਰਵੋਤਮ ਪੜ੍ਹਣ ਲਗ ਪਿਆ। ਏਥੇ ਕੇਵਲ ਸੰਤ ਮਹਿੰਦਰ ਸਿੰਘ ਪੂਰਬਾ ਹੀ ਸਉਂ ਰਿਹਾ ਸੀ।

1 ਵੱਜਾ ਤਾਂ ਅਚੋਪਲੇ ਜਿਹੇ ਸਤਿਗੁਰੂ ਜੀ ਅਸਲੋਂ ਹੀ ਮੇਰੇ ਪਾਸ ਆ ਕੇ ਰੁੱਕ ਗਏ। ਮੇਰਾ ਧਿਆਨ ਚਰਨਾ ਵੱਲ ਗਿਆ: ਇਹ ਤਾਂ ਸਤਿਗੁਰੂ ਜੀ ਹਨ, ਉੱਪਰ ਤੱਕਿਆ ਤਾਂ ਆਪ ਮੁਸਕਰਾ ਰਹੇ ਸਨ ਤੇ ਮੇਰੀ ਨਮਸਕਾਰ ਪਰਵਾਨ ਕਰਨ ਵਿਸ਼ੇਸ਼ ਕਰ ਮੇਰੇ ਕੋਲ ਆਏ ਸਨ। ਮੈਂ ਸਿਰ ਝੁਕਾਇਆ, ਫਿਰ ਜੇਬ ਵਿੱਚ ਹੱਥ ਮਾਰ 5 ਦਾ ਕੜਕਵਾ ਨੋਟ ਕੱਢ ਭੇਂਟ ਕੀਤਾ। ਨੋਟ ਤਾਂ ਏਥੇ ਹੀ ਪਿਆ ਰਹਿਣਾ ਸੀ। ਸੱਚੇ ਪਾਤਸ਼ਾਹ ਜੀ ਤਾਂ ਫੜਨਾ ਸੰਭਾਲਣਾ ਨਹੀਂ ਸੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਪਾਕਿਸਤਾਨੋਂ ਆਈ ਜ਼ਮੀਨ ਬਾਰੇ

ਮੁਰੱਬੇ-ਵੰਡ ਤੋਂ ਅਸੀਂ ਵਿਹਲੇ ਹੀ ਹੋਏ ਸਾਂ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਲਾਟਮੈਂਟ ਬਾਰੇ ਸੋਚਿਆ(ਅਰਥਾਤ ਪਾਕਿਸਤਾਨੋਂ ਆਏ ਲੋਕਾਂ ਦੀ ਜ਼ਮੀਨ ਬਾਰੇ) ਕਿ ਕਿਉਂ ਨਾ ਨਾਮਧਾਰੀ ਸਿੱਖਾਂ ਦੀ ਪਾਕਿਸਤਾਨੋਂ ਆਈ ਜ਼ਮੀਨ ਏਥੇ ਲਿਆਂਦੀ ਜਾਵੇ ਤੇ ਇਸਦੀ ਅਲਾਟਮੈਂਟ ਨਾਲ ਦੇ ਪਿੰਡਾਂ ਵਿਚ ਕੀਤੀ ਜਾਏ।

ਸਤਿਗੁਰੂ ਜੀ ਨੇ ਇਸ ਬਾਰੇ ਵਿਚ ਸਰਕਾਰੀ ਅਫ਼ਸਰਾਂ ਕੋਲ ਜਾ ਕੇ ਜਤਨ ਕੀਤਾ। ਰੀਹੈਬਲੀਟੇਸ਼ਨ ਦੇ ਡਾਇਰੈਕਟਰ ਜਨਰਲ ਸ. ਤ੍ਰਿਲੋਕ ਸਿੰਘ ਨਾਲ ਮਿਲ ਕੇ ਉਹਨਾਂ ਇਸ ਚੀਜ਼ ਦਾ ਫ਼ੈਸਲਾ ਕਰਵਾਇਆ ਕਿ ਸਾਡੇ ਜਿਹੜੇ ਨਾਮਧਾਰੀਆਂ ਦੇ ਚਾਰ ਪਿੰਡ ਖਰੀਦੇ ਹੋਏ ਨੇ, ਇਹਨਾਂ ਦੇ ਆਲੇ ਦੁਆਲੇ ਦੇ ਪਿੰਡ ਜਿਵੇਂ ਕਿ ਅੰਮ੍ਰਿਤਸਰ, ਮਿਰਜ਼ਾਪੁਰ, ਪੱਟੀ ਕਿਰਪਾਲ, ਨਕੌੜਾ, ਕਰੀਵਾਲਾ ਅਤੇ ਹਾਰਨੀ ਇਹ ਪਿੰਡ ਸਾਡੇ-ਵਾਸਤੇ ਰੀਜ਼ਰਵ ਕਰ ਦਿੱਤੇ ਜਾਣ ਅਤੇ ਜਿਹੜੇ ਸਾਡੇ ਨਾਮਧਾਰੀ ਪਾਕਿਸਤਾਨ ਵਿਚ ਜ਼ਮੀਨ ਛੱਡ ਕੇ ਆਏ ਹਨ, ਉਹਨਾਂ ਨੂੰ ਇਹਨਾਂ ਪਿੰਡਾਂ ਵਿਚ ਜ਼ਮੀਨ ਅਲਾਟ ਕੀਤੀ ਜਾਵੇ। ਇਹ ਪਿੰਡ ਨਾਲੀ ਦੇ ਸੈਕਿੰਡ ਗਰੇਡ ਦੇ ਸਨ। ਸਾਰੇ ਨਾਮਧਾਰੀ ਗੁਜਰਾਂਵਾਲਾ, ਸਿਆਲਕੋਟ, ਸ਼ੇਖੂਪੁਰਾ, ਲਾਹੌਰ, ਲਾਇਲਪੁਰ, ਮੁਲਤਾਨ, ਸਰਗੋਧਾ, ਕੈਂਬਲਪੁਰ ਆਦਿਕ ਜ਼ਿਲ੍ਹਿਆਂ ਦੇ ਸਨ, ਜਿਹੜੇ ਸਰਕਾਰੀ ਤੌਰ ਤੇ ਸਲੈਕਸ਼ਨ ਦੇ ਲਿਹਾਜ਼ ਨਾਲ ਇਥੇ ਨਹੀਂ ਸਨ ਆ ਸਕਦੇ, ਪਰ ਸਤਿਗੁਰਾਂ ਨੇ ਜਨਰਲ ਤੌਰ ਤੇ ਇਹ ਆਰਡਰ ਕਰਵਾਇਆ ਕਿ ਨਾਮਧਾਰੀ ਗਰੁਪ ਤਹਿਸੀਲ ਸਰਸਾ ਵਿਚ ਬਗ਼ੈਰ ਅਲੈਕਸ਼ਨ ਅਤੇ ਸਲੈਕਸ਼ਨ ਫਿੱਟ ਕੀਤਾ ਜਾਵੇ। ਅਤੇ ਸਾਡੇ ਸਾਰੇ ਨਾਮਧਾਰੀ ਇਸ ਥਾਂ ਤੇ ਇਕੱਠੇ ਕੀਤੇ ਜਾਣ। ਗਵਰਨਮਿੰਟ ਤੋਂ ਇਸ ਗੱਲ ਦੀ ਮਨਜ਼ੂਰੀ ਕਰਵਾਈ ਗਈ।

ਇਹ ਪਿੰਡ ਨਾਮਧਾਰੀਆਂ ਦੀ ਅਲਾਟਮੈਂਟ ਵਾਸਤੇ, ਅੰਮ੍ਰਿਤਸਰ, ਮਿਰਜ਼ਾਪੁਰ, ਹਾਰਨੀ ਪੱਟੀ ਕਿਰਪਾਲ, ਨਕੌੜਾ, ਕਰੀਵਾਲਾ, ਰੀਜ਼ਰਵ ਕਰਵਾ ਲਿਆ ਗਿਆ।ਉਸ ਵੇਲੇ ਬਹੁਤ ਘੱਟ ਨਾਮਧਾਰੀਆਂ ਦੇ ਕਲੇਮ ਮਿਲੇ। ਕਿਉਂਕਿ ਉਸ ਸਮੇਂ ਇਹਨਾਂ ਪਿੰਡਾਂ ਵਿਚ ਵੀ ਜੰਗਲ ਹੀ ਜੰਗਲ ਪਏ ਹੋਏ ਸਨ। ਲੋਕਾਂ ਨੇ ਪਿਛੇ ਅਲਾਟਮੈਂਟਾਂ ਕਰਵਾ ਲਈਆਂ ਸਨ ਤੇ ਕਈਆਂ ਨੂੰ ਸਰਕਾਰ ਨੇ ਰਕਬਾ ਅਲਾਟ ਕਰ ਦਿੱਤਾ ਹੋਇਆ ਸੀ। ਇਸ ਕੰਮ ਲਈ ਸਾਨੂੰ ਬਹੁਤ ਜਦੋ ਜਹਿਦ ਕਰਨੀ ਪਈ। ਜਲੰਧਰੋਂ ਅਲਾਟਮੈਂਟ ਕਰਵਾਣ ਦੀ, ਕਲੇਮ ਲਿਆਉਣ ਦੀ ਅਤੇ ਹੋਰ ਸਬੰਧਤ ਕੰਮਾਂ ਲਈ ਸਾਰੀ ਸੁਪਰਵੀਜ਼ਨ ਸ. ਅਵਤਾਰ ਸਿੰਘ ਦੇ ਸਿਰ ਹੀ ਸੀ। ਏਥੋਂ ਦੇ ਪਟਵਾਰੀਆਂ ਦੀ ਸੰਭਾਲ ਦੀ ਡਿਊਟੀ ਵੀ ਉਹਨਾਂ ਦੀ ਸੀ। ਉਦੋਂ ਕੋਈ 700 ਘਰਾਂ ਦੀ ਅਲਾਟਮੈਂਟ ਕੀਤੀ ਗਈ ਸੀ।

ਇਸ ਅਲਾਟਮੈਂਟ ਬਾਰੇ ਜਲੰਧਰ ਆਉਣ ਜਾਣ ਦਾ ਖ਼ਰਚਾ, ਅਲਾਟਮੈਂਟ ਕਰਨ ਦਾ ਖ਼ਰਚਾ, ਦੂਜੇ ਜ਼ਿਲ੍ਹਿਆਂ ਵਿਚੋਂ ਪਰਚਾ ਕਲੇਮ ਕੁਲੈਕਟ ਕਰਨ ਦਾ ਖ਼ਰਚਾ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਹੱਥੀਂ ਅਤੇ ਸਾਡੇ ਹੱਥੀਂ ਹੋਇਆ। ਇਸ ਕੰਮ ਨੂੰ ਅਸਾਂ 1954 ਵਿਚ ਖ਼ਤਮ ਕੀਤਾ ਤੇ ਨਾਮਧਾਰੀਆਂ ਨੂੰ ਸਾਰੀ ਹੀ ਅਲਾਟਮੈਂਟ ਇਹਨਾਂ ਪਿੰਡਾਂ ਵਿਚ ਕਰ ਦਿਤੀ ਗਈ। ਇਕ ਪਿੰਡ ਸਰਸੇ ਦੇ ਨੇੜੇ, ਕੰਗਣਪੁਰ ਵੀ ਸਤਿਗੁਰਾਂ ਅਲਾਟ ਕਰਵਾਇਆ ਜਿਸ ਵਿਚ ਬਹੁਤ ਸਾਰੇ ਘਰ ਲਾਇਲਪੁਰ ਜ਼ਿਲੇ ਦੇ ਅਲਾਟ ਕੀਤੇ।

ਸ. ਅਵਤਾਰ ਸਿੰਘ ਝੱਬਰ:

ਇਸ ਤਰ੍ਹਾਂ ਸ. ਅਵਤਾਰ ਸਿੰਘ ਨਾਲ ਅੱਜ ਤੱਕ ਕਾਫ਼ੀ ਵਾਸਤਾ ਰਿਹਾ। ਇਹਨਾਂ ਨੇ ਮਗਰਲੇ ਕੀਤੇ ਸਾਰੇ ਕੰਮ ਨੂੰ ਹੱਥ ਵਿਚ ਰਖਿਆ। ਜੋ ਲੋੜ ਸਰਕਾਰੀ ਜਾਂ ਗ਼ੈਰ-ਸਰਕਾਰੀ ਕੰਮ ਦੀ ਪਈ ਇਹਨਾਂ ਨੇ ਆਪਣੇ ਹੱਥੀਂ ਕੀਤਾ ਤੇ ਸੰਭਾਲਿਆ। ਜਿਸ ਵੇਲੇ ਸਤਿਗੁਰਾਂ ਨੇ ਜ਼ਮੀਨਾਂ ਵੰਡੀਆਂ ਸਨ ਕਈਆਂ ਨੂੰ ਇਨਾਮ ਦਿਤੇ ਸਨ, ਇਹਨਾਂ ਵਿਚ ਸ. ਅਵਤਾਰ ਸਿੰਘ ਦਾ ਵੀ ਇਕ ਮੁਰੱਬਾ ਇਨਾਮ ਰੱਖਿਆ ਸੀ, ਲੇਕਿਨ ਸ. ਝੱਬਰ ਨੇ ਉਹ ਇਨਾਮ ਲੈਣ ਤੋਂ ਇਨਕਾਰ ਕਰ ਦਿਤਾ ਸੀ। ਸਤਿਗੁਰਾਂ ਨੇ ਇਕ ਵਾਰ ਅਵਤਾਰ ਸਿੰਘ ਨੂੰ ਤਨਖ਼ਾਹ ਬਾਰੇ ਵੀ ਕਿਹਾ, ਪਰ ਇਸ ਨੇ ਇਸ ਗੱਲੋਂ ਵੀ ਬਿਲਕੁਲ ਇਨਕਾਰ ਕੀਤਾ। ਇਹਨਾਂ ਨੇ ਮੇਰੇ ਵੇਖਦਿਆਂ ਸਾਰੀ ਉਮਰ ਏਸੇ ਕੰਮ ਵਿਚ ਬਿਤਾਈ। ਇਹ ਸਾਰੀ ਸੇਵਾ ਤਨ ਮਨ ਧਨ ਨਾਲ ਕੀਤੀ ਹੈ। ਹੁਣ ਵੀ ਕਈ ਵਾਰ ਜਦੋਂ ਵੀ ਗੁਰੂਘਰ ਨੂੰ ਸਰਕਾਰੀ ਰੀਕਾਰਡ ਦੀ ਜਾਂ ਹੋਰ ਦੇਖ ਭਾਲ ਦੀ ਲੋੜ ਪਈ ਹੈ ਤਾਂ ਸ. ਅਵਤਾਰ ਸਿੰਘ ਨੇ ਬਿਨਾਂ ਹੀਲ ਹੁਜਤ ਤੋਂ ਜ਼ਿਮੇਵਾਰੀ ਲਈ ਹੈ। ਸਭ ਤੋਂ ਵੱਡੀ ਚੀਜ਼ ਇਹ ਹੈ ਕਿ ਸੰਨ 1947 ਤੋਂ ਲੈ ਕੇ ਅੱਜ 1979 ਤੱਕ ਜੋ ਵੀ ਜ਼ਮੀਨ ਬਾਰੇ ਕੰਮ ਹੋਇਆ, ਜ਼ਮੀਨ ਦੇ ਰੀਕਾਰਡ ਬਾਰੇ, ਅਫ਼ਸਰਾਂ ਦੇ ਫ਼ੈਸਲੇ ਬਾਰੇ, ਗੱਲਬਾਤ ਬਾਰੇ ਵਿਚ, ਅਲਾਟਮੈਂਟ ਦੇ ਅਸੂਲਾਂ ਬਾਰੇ ਸਭ ਕੁਝ ਇਹਨਾਂ ਨੂੰ ਜ਼ੁਬਾਨੀ ਯਾਦ ਸੀ।

ਕਿਸੇ ਅਫ਼ਸਰ ਨੇ ਵੀ ਜਦੋਂ ਅਲਾਟਮੈਂਟ ਬਾਰੇ ਕੋਈ ਐਕਸ਼ਨ ਲਿਆ ਹੈ ਜਾਂ ਲੈਣ ਦੀ ਕੋਸ਼ਿਸ਼ ਕੀਤੀ ਹੈ ਇਹਨਾਂ ਨੇ ਆਪਣੀ ਗੱਲਬਾਤ ਨਾਲ ਆਪਣੇ ਤਜਰਬੇ ਨਾਲ ਉਸਨੂੰ ਸੰਭਾਲਿਆ ਹੈ, ਗੁਰੂ ਘਰ ਦੀ ਹਰ ਕਿਸਮ ਦੀ ਜਾਇਦਾਦ ਨੂੰ ਸ. ਅਵਤਾਰ ਸਿੰਘ ਨੇ ਕਿਸੇ ਤਰ੍ਹਾਂ ਦੀ ਕੋਈ ਆਂਚ ਨਹੀਂ ਆਉਣ ਦਿੱਤੀ।

ਖ਼ਰਚਾ ਵੀ ਉਨ੍ਹਾਂ ਨੇ ਗੁਰੂ ਘਰ ਜਾਣ ਕੇ ਇਸ ਢੰਗ ਨਾਲ ਕੀਤਾ ਹੈ ਕਿ ਕੋਈ ਇਤਰਾਜ਼ ਨਹੀਂ ਕੀਤਾ ਜਾ ਸਕਦਾ। ਦੂਜੀ ਗੱਲ ਇਹ ਕਿ ਉਹਨਾਂ 1947 ਤੋਂ 1972 ਤੱਕ ਜ਼ਮੀਨ ਜਾਇਦਾਦ ਬਾਰੇ ਜੋ ਵੀ ਖ਼ਰਚਾ ਕੀਤਾ, ਉਹਨਾਂ ਨੂੰ ਹਿਸਾਬ ਕਿਤਾਬ ਰੱਖਣ ਦਾ ਸੁਭਾਅ ਨਹੀਂ ਸੀ ਇਸ ਲਈ ਖ਼ਰਚ ਉਹ ਕਰਦੇ ਹੀ ਇੰਨਾ ਯੋਗ ਸਨ ਕਿ ਕਿੰਤੂ ਨਹੀਂ ਕੀਤਾ ਜਾ ਸਕਦਾ। ਉਹਨਾਂ ਕਦੇ ਹਿਸਾਬ ਕਿਤਾਬ ਰਖਿਆ ਨਹੀਂ, ਨਾ ਹੀ ਉਹਨਾਂ ਨੂੰ ਕਿਸੇ ਕਿਹਾ ਹੈ। ਸਾਨੂੰ ਯਕੀਨ ਹੈ ਕਿ ਉਹਨਾਂ ਜੋ ਵੀ ਖ਼ਰਚ ਕੀਤਾ ਹੈ ਦੂਜਿਆਂ ਦੀ ਸੇਵਾ ਲਈ ਕੀਤਾ ਹੈ ਤੇ ਕੋਈ ਨਾਜਾਇਜ਼ ਖ਼ਰਚ ਨਹੀਂ ਕੀਤਾ।

ਦੂਜੀ ਗੱਲ ਇਹ ਹੈ ਕਿ ਸਾਡੇ ਉਤੇ ਕੋਈ ਮਾਮੂਲੀ ਕੰਮ, ਕੋਈ ਜ਼ਿਮੇਵਾਰੀ ਵਾਲਾ ਕੰਮ ਸੌਂਪਿਆ ਜਾਵੇ ਤਾਂ ਉਹਦੇ ਵਿਚ ਕਈ ਤਰੁੱਟੀਆਂ, ਤੇ ਕਈਆਂ ਦੀ ਮੁਖ਼ਾਲਫ਼ਤ ਸਹੇੜਨ ਵਾਲਾ ਕੰਮ ਹੋ ਸਕਦਾ ਹੈ, ਇਹ ਸਭ ਨਾਲ ਹੀ ਵਾਪਰਦੀ ਹੈ, ਪਰ ਮੈਂ ਹੈਰਾਨ ਇਸ ਗੱਲੋਂ ਹਾਂ ਕਿ ਏਨੇ ਕਾਰਕੁਨ ਹੁੰਦਿਆਂ, ਗੁਰੂ ਘਰ ਦੇ ਆਗੂ ਹੁੰਦਿਆਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁਖ਼ਤਾਰ ਆਮ ਹੁੰਦਿਆਂ ਅਤੇ ਸਾਹਿਬੇ ਜਾਇਦਾਦ ਤੇ ਕਰੀਵਾਲੇ ਦੇ ਨੰਬਰਦਾਰ ਹੁੰਦਿਆਂ, ਇਹਨਾਂ ਵਿਚ ਬਰਦਾਸ਼ਤ ਦਾ ਮਾਦਾ ਬਹੁਤ ਸੀ। ਮੈਂ ਅੱਜ ਤੱਕ ਇਹਨਾਂ ਦੇ ਹੱਥ ਵਿਚ ਇਕ ਸੋਟੀ ਤੱਕ ਵੀ ਨਹੀਂ ਵੇਖੀ ਜਾਂ ਇਹਨਾਂ ਨੂੰ ਕੋਈ ਕਿਸੇ ਤੋਂ ਡਰ ਲਗਦਾ ਹੋਵੇ। ਜਿਹੜੀ ਗੱਲ ਕਿ ਅੱਜ ਕੱਲ੍ਹ ਸਾਡੇ ਨਾਲ ਆਮ ਵਾਪਰਦੀ ਹੈ। ਅੱਜ ਵੀ ਜਦੋਂ ਉਹਨਾਂ ਦੇ ਅਖ਼ੀਰਲੇ ਸਮੇਂ ਬਾਬਤ ਸੁਣਿਆ ਹੈ, ਮਨ ਵਿਚ ਬੜੀ ਹੀ ਗੱਲ ਆਉਂਦੀ ਹੈ, ਕਿ ਉਹਨਾਂ ਕਿਵੇਂ ਕੱਲਿਆਂ ਹੋ ਕੇ, ਸਭ ਕੁਝ ਨੂੰ ਤਿਆਗ ਕੇ ਜਾ ਕੇ ਕਿਥੇ ਇਕਾਂਤ ਜਗ੍ਹਾ ਵਿਚ ਚੜ੍ਹਾਈ ਕੀਤੀ ਤੇ ਸਾਨੂੰ ਸਦਾ ਲਈ ਵਿਛੋੜਾ ਦੇ ਗਏ।

ਜਿੰਨਾ ਅਰਸਾ ਵੀ ਮੈਂ ਉਹਨਾਂ ਨਾਲ ਰਿਹਾ ਹਾਂ, ਉਹਨਾਂ ਦੀ ਸ਼ਖ਼ਸੀਅਤ ਦੇ ਬਾਰੇ ਵਿਚ, ਉਹਨਾਂ ਦੀ ਸ਼ਰਾਫ਼ਤ, ਉਹਨਾਂ ਦਾ ਅਫ਼ਸਰਾਂ ਕੋਲੋਂ ਕੰਮ ਲੈਣ ਦਾ ਢੰਗ, ਬੜਾ ਹੀ ਸੁਹਣੇ ਤਰੀਕੇ ਦਾ ਜਾਪਿਆ ਹੈ। ਉਹ ਤਾਂ ਆਪਣੀ ਸਾਰੀ ਉਮਰ ਸਤਿਗੁਰਾਂ ਦੇ ਘਰ ਦੀ ਸੇਵਾ ਕਰਦਿਆਂ ਲੰਘਾ ਗਏ ਹਨ ਤੇ ਸਾਨੂੰ ਵੀ ਸਤਿਗੁਰੂ ਜੀ ਆਪਣੇ ਕੰਮ ਆਉਣ ਦਾ ਬਲ ਬਖ਼ਸ਼ਣ।

ਮੇਰੀ ਇਸ ਵੇਲੇ ਚੁਰੰਜਾ ਸਾਲ ਦੀ ਉਮਰ ਹੈ ਤੇ ਪੱਚੀ ਸਾਲ ਮੈਂ ਨਹਿਰੀ ਪਟਵਾਰੀ ਦੇ ਤੌਰ ਤੇ ਸਰਸੇ ਦੇ ਹਲਕਿਆਂ ਵਿਚ ਕੰਮ ਕਰ ਰਿਹਾ ਹਾਂ, ਅੱਜ ਕੱਲ੍ਹ ਵੀ ਬਾਜੇਕਿਆਂ ਵਿਚ ਲੱਗਾ ਹੋਇਆ ਹਾਂ। ਅਵਤਾਰ ਕੌਰ ਮੇਰੇ ਘਰ ਵਾਲੀ ਦਾ ਨਾਂ ਹੈ, ਉਮਰ 48 ਸਾਲ ਹੈ। ਮੈਂ ਸੰਤ ਗੁਰਮੁਖ ਸਿੰਘ ਹੁਰਾਂ ਦਾ ਦੁਹਤਰਾ ਹਾਂ। ਬਾਬਾ ਜੈਮਲ ਸਿੰਘ ਟੇਹੀ ਵਾਲੇ ਜੋ ਗੁਰੂ ਘਰ ਵਿਚ ਲੰਬੜਦਾਰ ਕਰਕੇ ਪ੍ਰਸਿੱਧ ਸਨ, ਉਹਨਾਂ ਦੀ ਪੁੱਤਰੀ ਮੇਰੇ ਘਰ ਵਿਚ ਹੈ। ਬਾਬਾ ਜੈਮਲ ਸਿੰਘ ਜੀ 90-91 ਸਾਲ ਦੇ ਹੋ ਕੇ ਗੁਜ਼ਰੇ ਹਨ, ਅਜੇ ਕੁਝ ਹੀ ਮਹੀਨਿਆਂ ਵਿਚ ਭੋਗ ਪਾਇਆ ਹੈ।

ਸ. ਕਰਮ ਸਿੰਘ ਪਟਵਾਰੀ - ਬੀਬੀ ਅਵਤਾਰ ਕੌਰ

ਲੜਕੇ ਸੁਰਿੰਦਰ ਸਿੰਘ - ਤੇਜਿੰਦਰ ਕੌਰ ਸਪੁੱਤਰੀ ਸ. ਰਜਵੰਤ ਸਿੰਘ ਪਹਾੜ ਗੰਜ ਵਾਲੇ
ਜਤਿੰਦਰ ਸਿੰਘ
ਬਲਵਿੰਦਰ ਸਿੰਘ
ਲੜਕੀਆਂ: ਰਜਿੰਦਰ ਕੌਰ - ਨਿਰਜਸ ਸਿੰਘ ਖੈਰਪੁਰ
ਸੁਖਵਿੰਦਰ ਕੌਰ ਨਰਿੰਦਰ ਕੌਰ
ਸਤਨਾਮ ਸਿੰਘ ਦਿੱਲੀ (ਰਮੇਸ਼ ਨਗਰ)

## ਗਿਆਨੀ ਗੁਰਦਿਆਲ ਸਿੰਘ ਸਰਸਾ

ਸੰਤ ਗੁਰਦਿਆਲ ਸਿੰਘ ਟੇਹੀ ਵਾਲੇ, ਜਿਨ੍ਹਾਂ ਨੂੰ ਅਸੀਂ ਬਚਪਨ ਵਿਚ ਝਾਟੂ ਕਰਕੇ ਬੁਲਾਇਆ ਕਰਦੇ ਸਾਂ, ਜਿਨ੍ਹਾਂ ਨੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਅਤੇ ਮੇਰੇ ਵਰਗੇ ਕਈ ਹੋਰ ਵਿਦਿਆਰਥੀਆਂ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਤਾਲੀਮ ਹਾਸਲ ਕੀਤੀ। ਇਹ ਬਚਪਨ ਤੋਂ ਹੀ ਬੜੇ ਸਾਊ, ਸ਼ਰਧਾਲੂ ਤੇ ਗੁਰੂ ਪਿਆਰ ਦੇ ਰੰਗੇ ਵਿਅਕਤੀ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਪ ਇੰਨੇ ਵਿਸ਼ਵਾਸ ਪਾਤਰ ਸਨ ਕਿ ਜਦੋਂ 'ਸਤਿਜੁਗ' ਦੇ ਪ੍ਰਿੰਟਰ ਤੇ ਪ੍ਰਕਾਸ਼ਕ ਸੰਤ ਬਲਵੰਤ ਸਿੰਘ ਸੁਰਤਹੀਨ ਹੋ ਗਏ, ਆਪ ਨੂੰ ਗੁਰਦਿਆਲ ਸਿੰਘ ਜੀ ਦੀ ਯਾਦ ਆਈ ਅਤੇ ਆਪ ਨੇ ਇਨ੍ਹਾਂ ਨੂੰ ਪ੍ਰਿੰਟਰ ਪਬਲਿਸ਼ਰ ਹੋਣ ਦਾ ਮਾਣ ਦਿਤਾ। ਪਿਛਲੇ ਸਤਾਈ ਕੁ ਸਾਲ ਤੋਂ ਆਪ 'ਸਤਿਜੁਗ' ਨਾਲ ਸੰਬੰਧਿਤ ਹਨ।

ਮੈਂ ਇਹਨਾਂ ਨੂੰ 25 ਸਤੰਬਰ, 1979 ਨੂੰ ਇਹਨਾਂ ਦੇ ਘਰ ਸਰਸਾ ਵਿਖੇ ਮਿਲਿਆ। ਦੋਹਾਂ ਪਤੀ-ਪਤਨੀ, ਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ। ਉਹ ਉਸ ਦਿਨ ਗਵਰਨਮੈਂਟ ਨੈਸ਼ਨਲ ਕਾਲਜ ਦੇ ਸਾਹਮਣੇ ਕ੍ਰਿਸ਼ਨਾ ਗੁਡਜ਼ ਟ੍ਰਾਂਸਪੋਰਟ ਦੇ ਪਿਛਵਾੜੇ ਵਾਲੇ ਘਰ ਦੀ ਕੁਝ (ਸ਼ਾਇਦ ਟੁੱਟੀ ਖੂਹੀ ਦੀ) ਤਿਆਰੀ ਕਰਵਾ ਰਹੇ ਸਨ। ਉਂਜ ਮਕਾਨ ਸੁਹਣਾ, ਖੁੱਲ੍ਹਾ ਤੇ ਵਿਉਂਤਬੱਧ ਸੀ। ਇਕ ਹੋਰ ਨਾਮਧਾਰੀ ਪਰਿਵਾਰ ਕਿਰਾਏਦਾਰ ਵੀ ਸੀ। ਸੰਤ ਗੁਰਦਿਆਲ ਸਿੰਘ ਦੀ ਰਿਹਾਇਸ਼ ਚਿਰਾਂ ਤੋਂ ਸਰਸੇ ਹੀ ਹੈ ਅਤੇ ਇਹ ਟਰੱਕ-ਮਾਲਕ ਹੋਣ ਕਰਕੇ ਅਤੇ ਟਰੱਕਾਂ ਵਾਲਿਆਂ ਵਿਚ ਗਿਆਨ ਚਰਚਾ ਕਰਨ ਕਰਕੇ 'ਗਿਆਨੀ ਨਾਮ ਨਾਲ ਪ੍ਰਸਿੱਧ ਹਨ। ਇਹਨਾਂ ਨੂੰ ਮਿਲ ਕੇ ਜੋ ਜਾਣਕਾਰੀ ਪਰਵਾਰ ਤੇ ਹੋਰ ਗੁਰੂਘਰ ਦੀ ਵਾਕਫ਼ੀ ਲਈ, ਉਹ ਉਹਨਾਂ ਦੇ ਸ਼ਬਦਾਂ ਵਿਚ ਹੀ ਹੇਠ ਲਿਖੀ ਜਾਂਦੀ ਹੈ ਤਾਂਕਿ ਬਵਕਤਿ ਜ਼ਰੂਰਤ ਵੇਲੇ ਸਿਰ ਵਰਤੀ ਜਾ ਸਕੇ।

ਗੁਰਦਿਆਲ ਸਿੰਘ ਜੀ ਮਧਰੇ ਸਰੀਰ ਦੇ, ਅੱਜ ਕਲ੍ਹ ਕੁਝ ਫੁਲਬਹਿਰੀ ਦੇ ਸ਼ਿਕਾਰ ਹਨ, ਲੰਬੀ ਭਰਵੀਂ ਦਾਹੜੀ, ਖ਼ੁਸ਼ ਬੋਲ ਅਤੇ ਬੇਮੁਹਤਾਜ ਅਵਸਥਾ ਦੇ ਹਨ। ਉਹਨਾਂ ਇਸ ਪ੍ਰਕਾਰ ਆਪਣੀ ਵਿਥਿਆ ਦੱਸੀ:

ਅਰਜ਼ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਥੋੜ੍ਹਾ ਸਮਾਂ ਬਾਅਦ ਜਿਸ ਵਕਤ, ਸਤਿਗੁਰੂ ਹਰੀ ਸਿੰਘ ਜੀ ਦਾ ਪਹਿਲਾ ਦੌਰਾ ਮੁਕਤਸਰ ਦੇ ਇਲਾਕੇ ਵਿਚ ਆਇਆ, ਉਸ ਵਕਤ ਸਾਡੇ ਪਿਤਾ ਸੰਤ ਗੁਰਮੁਖ ਸਿੰਘ ਜੀ, ਸ੍ਰੀ ਸੁਜਾਨਾ ਰਾਮ ਦੇ ਸਪੁੱਤਰ ਪਿੰਡ ਅਬੁਲ ਖੁਰਾਣਾ ਇਲਾਕਾ ਮਲੋਟ ਵਿਚ ਰਹਿਣ ਵਾਲੇ ਸਨ। ਸਾਡੇ ਦਾਦਾ ਸੁਜਾਨਾ ਰਾਮ ਜੀ ਦੇ ਚਾਰ ਭਰਾ ਸਨ ਤੇ ਇਹ ਇਕੱਠੇ ਹੀ ਕੰਮ ਕਰਦੇ ਸਨ।

ਸਾਡੇ ਪਿਤਾ ਸੰਤ ਗੁਰਮੁਖ ਸਿੰਘ ਜੀ ਬਾਰੇ ਉਨ੍ਹਾਂ ਦਾ ਵਿਚਾਰ ਸੀ ਕਿ ਇਹ ਕਾਰੋਬਾਰ ਵਿਚ ਸ਼ਾਇਦ ਅਨਫਿਟ ਸਾਬਤ ਹੋਣ। ਆਪਣੇ ਗੁਜ਼ਰਨ ਤੋਂ 7-8 ਦਿਨ ਪਹਿਲਾਂ ਆਪਣੇ ਭਰਾਵਾਂ ਨੂੰ ਸੱਦ ਕੇ ਅਲਹਿਦਾ ਕੀਤਾ ਕਿ ਸ਼ਾਇਦ ਉਹਨਾਂ ਦੀ ਮੁੰਡੇ ਨਾਲ ਨਾ ਬਣ ਆਵੇ। ਕੁਦਰਤੀ ਖੇਡ, ਉਹ ਗੁਜ਼ਰ ਗਏ। ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਦਾ ਦੌਰਾ ਇਸ ਇਲਾਕੇ ਵਿਚ ਆਇਆ ਤਾਂ ਬਾਬਾ ਗੁਲਾਬ ਸਿੰਘ ਜੀ ਤੇ ਹੋਰ ਜੋ ਪੰਜ ਚਾਰ ਘਰ ਅਬੁਲ ਖੁਰਾਣੇ ਵਿਚ ਮਸ਼ਹੂਰ ਸਨ, ਇਹ (ਮੇਰੇ ਪਿਤਾ ਜੀ) ਵੀ ਨਾਲ ਰੁਪਾਣੇ (ਮੁਕਤਸਰ) ਗਏ ਜਿਥੇ ਸਤਿਗੁਰੂ ਹਰੀ ਸਿੰਘ ਜੀ ਆਏ ਹੋਏ ਸਨ। ਬਾਬਾ ਗੁਲਾਬ ਸਿੰਘ ਜਾਤੀ ਦੇ ਛੀਂਬੇ ਸਿੰਘ ਸਨ।

ਉਸ ਵੇਲੇ ਇਸ ਇਲਾਕੇ ਦੇ ਸੂਬੇ ਬਾਬਾ ਨੱਥਾ ਸਿੰਘ ਜੀ ਹੁੰਦੇ ਸਨ, ਉਹਨਾਂ ਦਾ ਪਿੰਡ ਨਗਰ ਇਸ ਵੇਲੇ ਯਾਦ ਨਹੀਂ, ਉਹਨਾਂ ਨੂੰ ਗੁਰੂ ਹਰੀ ਸਿੰਘ ਜੀ ਨੇ ਹੁਕਮ ਦਿਤਾ ਕਿ ਉਹ ਗੁਰਮੁਖ ਸਿੰਘ ਨੂੰ ਭਜਨ ਦੇਣ। ਉਹਨਾਂ ਨੇ ਮੇਰੇ ਪਿਤਾ ਜੀ ਨੂੰ ਭਜਨ ਦੱਸਿਆ।

**ਚਲਦਾ...**

# God and the Good or Bad (Part 1)



**Alla Singh**
**99718-46875**

Many curious people have a question in mind that when 'even a leaf cannot move without the command of God', what remains for us to think and do? If God will desire, he will unite us with Him. If he doesn't, then what can we do? This confusion between Divine sovereignty and Human responsibility has been a paradox for many of us.

Satguru Ram Das Ji mentions in Raag Tukhari:
ਹਮਰੈ ਹਾਥਿ ਕਿਛੁ ਨਾਹਿ ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥
ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥

Praying to God, Satguru Ji says that nothing is in the hands of a mortal being. If God Himself unites, then only a mortal being can unite with Him. And, those who thus unite with God- all their accounts are settled forever.

Similarly, Satguru Nanak Dev Ji mentions in Asa di vaar:
ਜਿਨ੍ਹ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥

Those who are pre-destined get an opportunity to meet Satguru. With the grace of Guru, their ignorance is dispelled and the spiritual wisdom illuminates within them. Considering these two verses together, a few points emerge.

Nothing is in the capacity of a human. One must have a pre-destined fortune to obtain a Satguru in this world. Satguru dispels the ignorance of mind, thereafter. However, the whole Gurbani is an instruction to a human to choose wisely.

ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ ॥
ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈ ਹੈ ਰੇ ॥੧॥ ਰਹਾਉ ॥

Kabir Ji says that the nature of this world is such that nothing will remain permanent here. And, he gives a very important instruction: Walk carefully along the straight path, otherwise the world will push you away from the real path.

This is clearly an instruction to "realize the true nature of the world" and always "be mindful of one's actions". This is a clear instruction to 'actively perform action'.

Satguru Tegh Bahadur Ji says:
ਨਰ ਅਚੇਤ ਪਾਪ ਤੇ ਡਰੁ ਰੇ ॥
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥

O, careless human! Be afraid of the sin. Seek refuge of God – the guardian of the poor, and the destroyer of all fears. This is again a clear instruction to 'forego something (sin)' and 'actively perform an action (seeking God's refuge)'. But when nothing is in the hands of a human, how can one forego or do something?

Similarly, when a Satguru is obtained by pre-destined fortune, how can one himself/herself seek refuge of God? This is the "paradox" being discussed.

A careful examination of the philosophy of Gurbani reveals that the 'paradox' is a misunderstanding on part of our comprehension of the nature of God, of world and of God- devotee relationship.

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥

Everything is created by the Command of God, His Command cannot be stated. Though God's command cannot be described or understood by a mortal's mind, Satguru Nanak Dev Ji has clarified that this incomprehensible command is of the one God, who has created the whole world.

Further, Satguru Ji says:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

Everyone is bound by God's Command, none is outside of it. In Sikhism, Hukam ("divine order") signifies the all-pervading natural law by which the universe operates. Within this cosmic framework, humans possess genuine — but not absolute — free will: the ability to make moral choices whose consequences unfold according to Hukam. Thus, "everything is decided and done by God" refers to the ultimate sovereignty of Divine Law, not the negation of human responsibility. Hukam (Punjabi ਹੁਕਮੁ ; from Arabic hukm, command) is the divine order that governs birth, death, karma and the laws of nature. Hukam operates like natural laws (gravity, karma) that no one can override. It is immanent present in every event and choice.

Sikhism endorses a "soft determinism"— Freedom lies in choosing thought, speech, and deeds. Accountability follows: every choice generates karmic consequences that Hukam enforces. Like a playwright who foresees every actor's decision in a drama, God's omniscience does not rob actors of their ability to perform freely; rather, it weaves their choices into the narrative of Hukam.

Within this framework, human beings are endowed with real agency: the capacity to shape their inner life through intentions, to mold their speech through honest expression and to direct their actions toward compassion or cruelty. Yet this freedom is always exercised within the contours of Hukam, much as every thought or movement arises and subsides in the broader field of Divine Will. Thus, when the scriptures affirm that "everything is done by God," they are emphasizing that no event transpires outside the bounds of this cosmic law, even as individuals bear full responsibility for their choices. Every decision generates subtle karmic impressions which Hukam, like a just arbiter, brings to fruition in due course. In this way, Sikhism presents a synthesis of sovereignty and responsibility: God's omnipotence is affirmed in the seamless operation of natural and moral laws, while human dignity is upheld in the genuine freedom to choose one's path and to respond to life's circumstances with awareness, courage and ethical resolve.

ਆਪੇ ਬੀਜਿ ਆਪੇ ਹੀ ਖਾਹੁ ॥
ਨਾਨਕ ਹੁਕਮੀ ਆਵਹੁ ਜਾਹੁ ॥੨੦॥

One reaps what one sows. Sri Guru Ji says: In God's command, one comes and departs. Thus, one has autonomy with respect to actions. But the macro parameters like coming in this world and departing from it is not

in human's control, but in the authority of God.

ਫੁਲੁ ਭਾਉ ਫਲੁ ਲਿਖਿਆ ਪਾਇ॥
ਆਪਿ ਬੀਜਿ ਆਪੇ ਹੀ ਖਾਇ॥੨॥

Flower is the orientation of a human, the fruit that it will bear is pre-ordained. One reaps what one sows. Thus, the orientation of a human decides what fruit will be borne, and that is pre-ordained. The orientation of a human determines the actions that he/she performs. And these actions or deeds bring one closer to or away from God.

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥

Actions belong to everyone individually. These bring a human either close to or away from God. Again, the autonomy to perform actions is applicable to all humans. But the result that they will bear is in the capacity of God.

ਮੇਰਾ ਕੀਆ ਕਛੂ ਨ ਹੋਇ॥
ਕਰਿ ਹੈ ਰਾਮੁ ਹੋਇ ਹੈ ਸੋਇ॥੪॥

Nothing happens on my accord. Whatever God does, that alone happens.

ਮਾਰੈ ਰਾਖੈ ਏਕੋ ਆਪਿ॥ ਮਾਨੁਖ ਕੈ ਕਿਛੁ ਨਾਹੀ ਹਾਥਿ॥

The One God himself destroys and protects. There's nothing in the hands of a human.

ਜੈਸਾ ਕਰੇ ਸੁ ਤੈਸਾ ਪਾਵੈ॥ ਆਪਿ ਬੀਜਿ ਆਪੇ ਹੀ ਖਾਵੈ॥

Whatever one does, so one obtains. As one sows, so one reaps.

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

Whatever I did, I obtained. We should not blame other people.

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

Do not blame anyone, blame is on to one's own actions. Actions are of the human, but the resulting fruit is in the hands of God and pre-decided.

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥

At the last moment, one who thinks of wealth and dies in such thoughts, is born again and again in the serpent species.

Whatever we do throughout the day, gets reflected in our dreams and shapes our night as well. Actions during the day is in our hands but our sub-conscious dreams are not. Similarly, in this world, we have the freedom for actions, but not for their results.

ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ॥ ਇਹੁ ਜੀਉ ਵਿਡਾਣੀ ਚਾਕਰੀ ਲਾਇਆ॥

Has the human went astray himself/herself, or whether God has caused one to astray? This soul has engaged in the service of the other (Maya). Satguru Amar Das ji clearly mentions that since the soul engaged in the service of Maya, rather than God, this is why the mortal has gone astray. Now the question is: why did the soul engage in the service of Maya in the first place?

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥੨॥

O, mind! Whatever you serve, you become likewise and similar actions you perform. As one sows, so one reaps. Nothing else can be said about this. This informs that one's orientation ultimately determines one's actions.

ਕਾਮਿ ਨ ਆਵੈ ਸੁ ਕਾਰ ਕਮਾਵੈ॥ ਆਪਿ ਬੀਜਿ ਆਪੇ ਹੀ ਖਾਵੈ॥

The human performs deeds that will not help ultimately. Whatever one sows, so one reaps. When all have been created by God, why do different people travel different paths? Satguru Nanak Dev Ji mentions:

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

Himself, God created Himself and Himself assumed his Name. Secondly, He created the nature and seated himself in it

delightedly. Why He did this and what delights Him is beyond human comprehension. This cannot be described.

ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥
ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥

God Himself created the world and Himseld absorbed in it. He Himself kept Him One and Himself manifested in numerous forms. In the last, Satguru Arjan Das Ji says:

ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥
ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥ ਸੁਧੁ ॥

Deep, profound and unfathomable, God is limitless and infinite. Sri Guru Ji says: He acts similarly, He alone is the One. The similar rules or decree that applies to all – whether a saint, a sinner, a king, a poor, a master, an orphaned – is this Hukam or command of God. Given the universal decree of God, what should be our actions to receive divine blessing. This question was asked by Satguru Partap Singh Ji to a gathering of Sikhs. When no one could answer Satguru Ji's question, then Satguru Jagjit Singh Ji answered it by quoting:

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥
ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗ ॥੧੭॥

'One who has forsaken all vices and assumed the garb of detachment', Sri Guru Ji says: 'O, mind! Such a person receives divine blessings on his/her forehead.' Another question arises: When everything has been created by God Himself, why forsake the things that he has created? Were these created to be forsaken?

ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ ॥

Many kinds and forms of things have been created by Maya, which has been created by God. As mentioned by Satguru Gobind Singh, God manifested Himself in various forms:

"ਕਹੂੰ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ"

sometimes, He is the teachings of the Vedas and sometimes, He is the stories of the affection). Similarly:

ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪਰੀਤ ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ ॥

Sometimes He manifests as the conduct given in the Vedas, sometimes the conduct that is opposed to it; sometimes He is beyond the three modes of nature and sometimes, He is with all the virtues. Satguru Amar Das Ji says:

ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥

God Himself is everything; there is none other. When all these opposites are also the God Himself, what to adopt and what to leave? What is Good and what is Bad? These questions will be discussed in the next article.

In summary, while the broad contours of our lives our birth and our circumstances are governed by the Divine Order (Hukam), we retain authentic freedom in every moment to shape our thoughts, words and deeds. This interplay of sovereignty and self-responsibility means that each act of kindness, honesty, or self-reflection seeds its own harvest within the unbreakable framework of Hukam. Far from resigning us to passivity, this understanding compels continuous vigilance over the orientation of our hearts and minds " ਸੂਧੇ ਸੂਧੇ ਰੇਗਿ ਚਲਹੁ ਤੁਮ": we become what we serve, and we reap exactly what we sow. In choosing devotion.

over ego, compassion over indifference, and awareness over heedlessness, we align our will with the Divine order - thus moving ever closer to the Peace that lies at the heart of Hukam itself.

........................................................

# MURDER OF BEEF BUTCHERS BY KUKAS



**Edited by: Dr. Gurdev Singh Sidhu**
9417049417

2. The Commissioner of the Ambala Division, in his letter No. 284, dated 6th September, copy of which is hereto annexed, forwarded recommendations for the Police and others with reference to the same case, and the Police recommendations were understood to be submitted on the basis of those recommended by Colonel McAndrew. The rewards, however, recommended by the Commissioner were less in amount than those recommended by the Police Department. But the Commissioner's proposals appear to dispose of all Police recommendations with the single exception of a reward of Rs. 200, proposed for the relatives of a Mounted Constable who fell dead from sunstroke during the enquiry into the murders.

3. The Lieutenant-Governor, after consideration of this case, is unable to sanction the reward proposed under the recent rules of the Government of India. The relatives of a Government official who dies in the discharge of his duty are not entitled to any special gratuity or reward, unless such duty be of an especially hazardous description. The duty in question was that which ordinarily falls to the duty of the Police, and there is nothing in the Raikot case to warrant any departure from the rules that have been laid down.

4. The rewards proposed by the Commissioner have been sanctioned.

***.

No. 41, dated London, 18th October 1871

From – Her Majesty's Secretary of State for India.

To – His Excellency the Right Honorable the Governor General of India in Council.

The despatches of Your Excellency in Council, dated 28th July and 17th August respectively, No. 20 and 24 of 1871, forwarding copies of papers on the subject of murder of certain Mahomodans at Amritsar and Raikot have been considered by me in Council.

2. The intelligence of the apprehension and condign punishment of the perpetrators of the Raikot murders is very satisfactory. I desire that my thanks may be expressed to the Maharaja of Patiala for the prompt and effective assistance afforded by his Government in the detection and arrest of the

criminals.

3, I will await a further communication from your Excellency in Council relative to the deplorable outrages at Amritsar.

---

No. 2002

Copy forwarded to the Government of the Punjab, with a request that the thanks of Her Majesty's Secretary of State may be communicated to the Maharaja of Patiala.

***

Letter No. 4892, dated 1st November 1871

From - Lieutenant-Colonel G. MCANDREW, Offg. Inspector-General of Police, Punjab.

To - The Commissioner and Superintendent, Ambala Division.

I HAVE the honor to forward herewith copy of a letter No. 1441, dated 12th October, from the Officiating Secretary to Government, Punjab, to my address, on the subject of rewards to Ludiana Policemen and trackers for their exertions in the detection of the Kuka murderers of the Raikot butchers.

2. My object in now bringing this subject to your notice is, that the rewards recommended in your No. 284, of the 6th September last, to the Officiating Secretary to Government, Punjab, have been sanctioned in preference to those recommended by me as Deputy Inspector-General of Police, Ambala Circle, and senior Police Officer conducting the investigation on the spot.

3. When you wrote the letter of the 6th September, no detailed report of the proceedings ofthe Police in the first stage of the Raikot enquiry had been laid before you, and the names of some of the men who took an active part were not remembered by me when I talked overthe matter with youat Kassaoli, and have consequently been left out of the list attached to your letter.

4. Thetracking party consisted of the men named in the margin.

1.-Abdoola, Sergeant, Raikot Thanna.
2.-Hoossain Beg, Constable, station writer.
3-Omrono, Constable.
4.-Nehal Sing, do.
5.--Ahmed Khan, Duffadar of Chowkidars,
6.-Bungoo, Tracker.
7. Poopee and other Boureeah Trackers

These men, as you are aware, took the track of the murderers with great perseverance and unusual success via Jullaldiwall to the village of Cheeneewall, and upto the *Tuckeea* of Khuzan Sing, Kuka faqueer; on this proceeding the entire future success of case depended, and, as successful tracking is now getting very rare, I consider it most important, in a case like the present one, where failure in detecting the band of Kooka murderers might have led to serious consequences, that a liberal rewardshould be given, and thus encourage the Police and trackers not to abandon a good old institution, which, if well used, is a most important aid in the detection of crime.

5. On the heels of the tracking party came Deputy Inspector Abdool Rehman Khan, Mounted Sergeant Zapty Khan, with other Mounted Policemen, who, starting from Ludiana at 10 o'clock on the morning of the 16th, rode right on to Cheeneewall, a distance

of more than 40 miles, and joined the tracking party; on finding that the murderers had beentracked to Cheeneewall, a Patiala village, and to Khuzan Sing's *Tuckeea*, Abdool Rehman Khan and Zapty Khan at once sent a letter to the nearest Patiala Thannadar to come to their assistance, which he immediately did, joining the party at Cheeneewall next morning, and was followed by another Thannadar, also the Vakeel at Ludiana; and through the influence of these officials the first confession was obtained, which rendered future proceedings easy. But the fact was not sufficiently laid before His Honor the Lieutenant-Governor, that the Ludiana Police had actually tracked the murderers to their place of meeting (after the outrage) before any of the Patiala Police had come on the scene; and that I believe Zapty Khan had actually taken possession of Khuzan Sing on suspicion before their arrival.

6. With regard to Mounted Sergeant Zapty Khan, no man engaged in the case worked harder and with more zeal; he went with Dull Singh and his wife, Ram Kour, and arrested the three Pitokee men who were executed, and throughout was ever ready and willing; and I feel satisfied you will agree with me that the reward proposed in your list for him, vis., Rs. 30, is quite below his deserts, and compared with the splendid rewards given to the Patiala men, it would dishearten a fine young fellow of (as the late Sir Herbert Edwardes states)- "the best blood of the Khyber."

7. I now propose, and, if you agree with me, will submit the same to Government, rewards as follows:-

To the tracking party……………….……….Rs. 500

To Deputy Inspector Abdool Rehman Khan,

Mounted Sergeant Zapty Khan, Shaik Beegey Khan,

Deputy Inspector, and the Mounted Constables

who followed the tracking party, also others

who assisted in the capture of Goolab Sing, &c., &c.,

together with Ram Kour, wife of Dull Sing, who made her

husband confess, and has been since in attendance giving

evidence at Amritsar and Ludiana, a sum of Rs. ……………….Rs. 800

Out of this a sword will be given to Zapty Khan.

8. An early reply to the above will oblige.

***

Letter No. 233, dated 4th November 1871 From - J. W. MacNabb, Esq., Commissioner and Superintendent, Ambala Division. To - The Offg. Inspector-General of Police, Punjab.

In reply to your No. 4892, dated 1st November, I have the honor to state that I regret my letter to Government conveyed the impression that I had consulted you as to details, which was not the case.

2. I entirely agree with you that but for the energy of the Duffadar of Chowkeedars and the skill of Boota, tracker, neither the Raikot nor the Amritsar cases would ever have

been traced.

3. I am inclined to think that my rewards, which have, after all, to be measured by result as well as mere actual services, have been insufficient, and might well be increased to Rs. 150 for the above two men, and Rs. 50 for the other trackers.

4. With regard to the regular Police also I think the rewards somewhat inadequate, and you had a much better opportunity than I had of judging of their exertions, as the evidence being mostly that of Queen's evidence, the successive steps in the investigation did not come prominently forward. I should therefore be glad to see an advance on the amount sanctioned; but as many of them you mention did not come forward at all in the course of the enquiry; it is therefore impossible for me to go into details; but Rs. 600 would seem suitable. This would raise the sums as follows:-

| | |
|---|---|
| Native Doctor | Rs. 100 |
| Duffadar and trackers | Rs. 350 |
| Police | Rs. 600 |
| Total, Rs. | 1,050 |

***

No. 49, dated India Office, London, the 9th November 1871.

From - His Grace the Duke of ARGYLL, Secretary of State for India in Council. To - His Excellency the Right Hon'ble the Governor-General of India in Council.

MY LORD,-The despatch of your Excellency in Council, dated 26th September, No. 27 of 1871, on the subject of the rewards sanctioned by the Punjab Government for the Patiala officials and others, in recognition of services rendered by them in bringing to justice the men who were concerned in the Raikot murders,, has been considered by me in Council.

2. I have to express my full approval of the grant of these rewards.

—

No. 2078.

COPY forwarded to the Government of the Punjab for information, in continuation of letter from this department, No. 1529, dated 16th September 1871.

**to be continued**

........................................................

## ਗੁਰੂ ਗੋਬਿੰਦ ਸਿੰਘ: ਕੁਰਬਾਨੀ ਦੇ ਪੁੰਜ

ਸ੍ਰੀ ਗੁਰੂ ਗੋਬਿੰਦ ਸਿੰਘ ਵਾਨ ਪਵਨ ਸੂਰ
ਸੂਰਤ ਨਾ ਹੋਤੀ ਜੇ ਪੈ ਕਰਨਾ ਨਿਧਾਨ ਕੀ।"

ਗੁਰੂ ਜੀ ਮਾਛੀਵਾੜੇ ਦੇ ਜੰਗਲਾਂ ਵਿਚ ਇਕੱਲੇ ਇਕ ਰੁੱਖ ਦੀ ਛਾਵੇਂ, ਇਕ ਨਦੀ ਦੇ ਕਿਨਾਰੇ ਸੁਤੇ ਪਏ ਸਨ। ਉਹ ਉਦਾਸ ਨਹੀਂ ਸਨ ਸਗੋਂ ਚਿਹਰੇ ਤੇ ਸਰੂਰ ਤੇ ਮਥੇ ਤੇ ਉਹੀ ਨੂਰ ਸੀ। ਗਿਆਨੀ ਹੀਰਾ ਸਿੰਘ ਦਰਦ ਨੇ ਉਹਨਾਂ ਦੀ ਕੁਰਬਾਨੀ ਇਵੇਂ ਬਿਆਨ ਕੀਤੀ ਹੈ :

"ਢਾਲ ਤਲਵਾਰ ਉਹੀ, ਜਾਪਦੀ ਨੁਹਾਰ ਉਹੀ,
ਇਸ ਤਸਵਰ ਵਿਚ ਉਸੇ, ਵਤਨ ਦੇ ਸਿਪਾਹੀ ਦੀ;
ਕਲਗੀ ਤੇ ਬਾਨ ਨਹੀਂ, ਸਾਜ ਤੇ ਸਮਾਨ ਨਹੀਂ,
ਲੋੜ ਪਰ ਐਥੇ ਹੋਣ, ਹੋਰ ਕੀ ਗਵਾਈ ਦੀ।
ਚਿਹਰੇ ਤੇ ਸਰੂਰ ਅਤੇ, ਮਥੇ ਉਤੇ ਨੂਰ ਉਹੀ,
ਜੀਹਦਾ ਦੀਦ ਪਾ ਕੇ ਕਲੀ ਦਿਲ ਦੀ ਖਿੜਾਈ ਦੀ।
ਕਪੜੇ ਨੇ ਲੀਰ ਲੀਰ, ਪਰ ਨਾ ਫਕੀਰ ਕੋਈ,
ਸੂਰਤ ਪਿਆਰ, ਦਸ਼ਮੇਸ ਮੇਰੇ ਮਾਹੀ ਦੀ।"

........................................................

# ਕਾਵਿ – ਕਿਆਰੀ

## ਗੀਤ

ਸਾਕਤ ਬਖਸ਼ ਲੈ ਤੂੰ ਸਤਿਗੁਰੂ ਉਦੇ ਸਿੰਘ,
ਕਰ ਜਰਾ ਕਿਰਪਾ ਦਾਤਾਰ।
ਦੁਨੀਆਂ ਦੀ ਮਾਇਆ 'ਚ ਗ੍ਰਸੇ ਹੋਏ ਲੋਕਾਂ ਤਾਈਂ,
ਬਾਹੋਂ ਫੜ ਲਵੀਂ ਤੂੰ ਉਭਾਰ।

ਨਾਲੀ ਵਾਲੇ ਕੀੜੇ, ਸਾਰ ਜਾਣਦੇ ਕੀ ਸੁਧਾ ਵਾਲੀ,
ਜਿੰਨ੍ਹਾ ਵਾਲਾ ਗੰਦਗੀ ਚ ਵਾਸ ਵੇ।
ਤੂੰ ਹੈਂ ਦਾਤਾਰ ਦੇ ਦੇ, ਉਹਨਾ ਨੂੰ ਨਜ਼ਰ ਦਾਤਾ,
ਵੇਖ ਲੈਣ ਗੰਗਾ ਵਗੇ ਪਾਸ ਵੇ।
ਨਿੰਦਕਾਂ ਨੂੰ ਬਖ਼ਸ਼, ਗਿਆਨ ਵਾਲੀ ਬੂੰਦ ਜਰਾ,
ਉਹਨਾ ਦਾ ਵੀ ਕਰ ਦੇ ਉਧਾਰ।
ਸਾਕਤ ਬਖਸ਼ ਲੈ ਤੂੰ ਸਤਿਗੁਰੂ ਉਦੇ ਸਿੰਘ,
ਕਰ ਜਰਾ ਕਿਰਪਾ ਦਾਤਾਰ।

ਚਿੱਚੜ ਕੀ ਜਾਣਦੇ ਨੇ, ਕੋਲ ਇਹਨਾ ਥਣਾ ਵਿੱਚ,
ਅੰਮ੍ਰਿਤ ਰੂਪੀ ਹੁੰਦਾ ਦੁੱਧ ਵੇ।
ਚੂਸਦੇ ਨੇ ਲਹੂ ਜਿਹੜੇ, ਗਊ ਦੇ ਹਵਾਨੇ ਵਿੱਚੋਂ,
ਉਹਨਾ ਤਾਈਂ ਹੋਣੀ ਕਿਹੜੀ ਸੁੱਧ ਵੇ।
ਬਖਸ਼ਣਹਾਰ ਤੂੰ ਬਖਸ਼ ਲਵੇਂ ਰਾਖਸ਼ਾਂ ਨੂੰ,
ਦਿਲ ਤੇਰਾ ਏਨਾ ਏ ਉਦਾਰ।
ਸਾਕਤ ਬਖਸ਼ ਲੈ ਤੂੰ ਸਤਿਗੁਰੂ ਉਦੇ ਸਿੰਘ,
ਕਰ ਜਰਾ ਕਿਰਪਾ ਦਾਤਾਰ।

ਝੂਠ ਦਾ ਛੁਡਾ ਕੇ ਪੱਲਾ, ਉਹਨਾ ਤਾਈਂ ਦੱਸ ਦਾਤਾ।
ਕਰਨਾ ਸਚਾਈ ਨੂੰ ਪ੍ਰੇਮ ਵੇ।
ਗੰਢਿਆਂ ਦੇ ਵਿੱਚ ਜੇ, ਗੰਢੇਲ ਉੱਗ ਪੈਂਦੀ ਕਿਤੇ,
ਇਹ ਵੀ ਕਾਇਨਾਤ ਦਾ ਹੈ ਨੇਮ ਵੇ।
ਤੇਰੇ ਕੋਲ ਘਾਟਾ ਕਿਹੜੀ ਗੱਲ ਦਾ ਹੈ ਸਾਹਿਬਾ,
ਗੀਤਾ ਗੁੰਗੇ ਮੁੱਖੋਂ ਦੇਵੇਂ ਤੂੰ ਉਚਾਰ।
ਸਾਕਤ ਬਖਸ਼ ਲੈ ਤੂੰ ਸਤਿਗੁਰੂ ਉਦੇ ਸਿੰਘ,
ਕਰ ਜਰਾ ਕਿਰਪਾ ਦਾਤਾਰ।

**ਲਖਵਿੰਦਰ ਸਿੰਘ ਬਾਜਵਾ**

## ਪ੍ਰੀਤਮ ਪਿਆਰਾ

ਮੇਰੀ ਸਖੀ ਸਹੇਲੜੀਓ, ਇਕ ਹਾਲ ਸੁਣਾਵਾਂ ਨੀ,
ਦੁੱਖ ਸੁਣਕੇ ਬੱਚਿਆਂ ਦਾ, ਮਰ ਜਾਵਣ ਮਾਵਾਂ ਨੀ।
ਜਦ ਧਰਮ ਨੂੰ ਖ਼ਤਰਾ ਸੀ, ਸਰਮਾਏਦਾਰੀ ਤੋਂ,
ਵਹਿਮਾਂ ਤੇ ਰਸਮਾਂ ਤੋਂ ਤੇ ਫਿਰਕਾਦਾਰੀ ਤੋਂ।
ਰਾਜੇ ਜਰਵਾਣੇ ਨੀ, ਕਰ ਜ਼ੋਰ ਧਿੰਙਾਣੇ ਨੀ,
ਪਤ ਖੋਹਕੇ ਲੋਕਾਂ ਦੀ ਕਰਦੇ ਮਨ ਭਾਣੇ ਨੀ।
ਲੋਕਾਂ ਦੀਆਂ ਲਹਿਰਾਂ ਨੂੰ ਜਨਤਾ ਦੀਆਂ ਮੰਗਾਂ ਨੂੰ,
ਲੋਕਾਂ ਦੀ ਸ਼ਾਨ ਦੀਆਂ, ਉਹਨਾਂ ਸਿਖਰ ਦੁਪਹਿਰਾਂ ਨੂੰ,
ਜ਼ਾਲਮ ਨਾ ਜਰਦੇ ਸੀ।
ਜੰਜੂ ਤੇ ਤਿਲਕਾਂ ਦੇ, ਉਹ ਲਾ ਬਹਾਨੇ ਨੀ,
ਤੰਗ ਡਾਹਢਾ ਕਰਦੇ ਸੀ ।

ਦੁਖੀਆਂ ਦੀਆਂ ਚੀਕਾਂ ਨੇ, ਧਰਮਾਂ ਦੀਆਂ ਹੂਕਾਂ ਨੇ,
ਲੋਕਾਂ ਦੇ ਜਜ਼ਬੇ ਨੇ ਤੇ ਅਣਖ ਰੰਗੀਲੀ ਨੇ,
ਇੱਕ ਸ਼ੇਰ ਜਗਾ ਦਿੱਤਾ, ਤੇ ਲੜਣ ਸਿਖਾ ਦਿੱਤਾ।
ਉਸ ਮਰਦੇ ਮੁਜਾਹਦ ਨੇ,
ਚੁੱਕੀਆਂ ਤਲਵਾਰਾਂ ਹੋ, ਦੇ ਕੇ ਲਲਕਾਰਾ ਹੋ,
ਆਓ ਸਿਰ ਦੇਵਣ ਦਾ, ਹੁਣ ਕਰੋ ਤਿਆਰਾ ਹੋ।

ਧਰਤੀ ਦੀ ਹਿੱਕੜੀ ਨੂੰ,
ਸਮਿਆਂ ਦੀ ਸ਼ਕਤੀ ਨੂੰ, ਦੁਖੀਆਂ ਦੇ ਜੀਵਨ ਨੂੰ,
ਧਰਮਾਂ ਦੀ ਹਸਤੀ ਨੂੰ,
ਲੋੜ ਖ਼ੂਨੀ ਰੰਗਤ ਦੀ, ਸਿਰ ਵਾਰੂ ਸੰਗਤ ਦੀ।
ਕੋਨੇ ਕੋਨੇ ਧਰਤੀ ਦੇ, ਛਿੜੀਆਂ ਝਰਨਾਟਾਂ ਸੀ,
ਬਲ ਉਠੀਆਂ ਲਾਟਾਂ ਸੀ,
ਸੀਨੇ ਫਿਰ ਜ਼ਾਲਮ ਦੇ, ਪਈਆਂ ਨਿਕਲ ਥਰਾਟਾਂ ਸੀ।

ਜ਼ਾਲਮ ਜਰਵਾਣੇ ਨੇ,
ਉਸ ਮਰਦ ਅਮੰਗੜੇ ਦੇ, ਬੱਚਿਆਂ ਨੂੰ ਕੋਹ ਦਿੱਤਾ।
ਬਾਬਲ ਤੇ ਮਾਤਾ ਨੂੰ, ਜ਼ੁਲਮਾਂ ਵਿਚ ਢੋਹ ਦਿੱਤਾ।
ਸਰਸਾ ਦੀਆਂ ਲਹਿਰਾਂ ਨੇ, ਜ਼ਾਲਮ ਦੇ ਕਹਿਰਾਂ ਨੇ,

**ਬਾਕੀ ਸਫਾ ਨੰ 42 'ਤੇ**

# ਖ਼ਬਰਨਾਮਾ

## 13 ਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਯਾਦਗਾਰੀ ਸੰਗੀਤ ਸੰਮੇਲਨ 2025

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸੰਗੀਤ ਸੰਮੇਲਨ ਹੋਇਆ। ਇਸ ਵਾਰ ਇਹ ਸੰਮੇਲਨ ਸ੍ਰੀ ਭੈਣੀ ਸਾਹਿਬ ਨਾ ਹੋ ਕੇ ਦਿੱਲੀ ਵਿਚ ਅਯੋਜਿਤ ਕੀਤਾ ਗਿਆ। 23 ਅਤੇ 24 ਨਵੰਬਰ ਦਾ ਦਿਨ ਨਿਸ਼ਚਿਤ ਕੀਤਾ ਗਿਆ। ਜਵਾਹਰ ਲਾਲ ਨਹਿਰੂ ਇੰਡੋਰ ਐਡੀਟੋਰਿਅਮ (AIIMS) ਨਵੀਂ ਦਿੱਲੀ ਵਿਖੇ ਇਸ ਸਾਰੇ ਸੰਮੇਲਨ ਦੀ ਤਿਆਰੀ ਕੀਤੀ ਗਈ।

**23-11-2025-** ਸ਼ਾਮ ਦੀ ਪਹਿਲੀ ਪੇਸ਼ਕਾਰੀ ਤਬਲਾ ਪ੍ਰਤੀਯੋਗਤਾ ਵਿਚੋਂ ਜੇਤੂ ਰਹੇ ਸੋਹਮ ਗੋਰਾਣੇ ਅਤੇ ਜਗਮਿਤ੍ਰ ਲਿਗਾੜੇ ਦੀ ਤਬਲਾ ਜੁਗਲਬੰਦੀ ਨਾਲ ਸ਼ੁਰੂ ਹੋਈ। ਹਰਮੋਨੀਅਮ ਨਾਲ ਨਗਮੇ ਤੇ ਸਾਥ ਯਸ਼ਵੰਤ ਥਿਟੇ ਨੇ ਦਿੱਤਾ। ਤਿੰਨ ਤਾਲ ਵਿਚ ਤਬਲੇ ਦੀ ਜੁਗਲਬੰਦੀ ਨੇ ਆਏ ਹੋਏ ਸਰੋਤਿਆਂ ਨੂੰ ਮੰਤਰ ਮੁਗਦ ਕੀਤਾ। ਇਹਨਾਂ ਨੌਜਵਾਨਾਂ ਦੇ ਵਾਦਨ ਵਿਚੋਂ ਇਹਨਾਂ ਦੇ ਉਸਤਾਦਾਂ ਦੀ ਮਿਹਨਤ ਤੇ ਇਹਨਾਂ ਦਾ ਸਮਰਪਣ ਸਾਫ ਵਿਖ ਰਿਹਾ ਸੀ।

ਸਤਿਗੁਰੂ ਉਦੇ ਸਿੰਘ ਜੀ ਨੇ ਜੋਤ ਜਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਉਸਤਾਦ ਸੁਰੇਸ਼ ਤਲਵਕਰ, ਰਾਗੀ ਹਰਬੰਸ ਸਿੰਘ ਘੁੱਲਾ, ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਗੁਰਭੇਜ ਸਿੰਘ ਗੋਰਾਇਆ ਅਤੇ ਫਕਿਲਟੀ ਅਸੋਸ਼ੀਏਸ਼ਨ ਆਫ਼ ਏਮਜ਼ ਦੇ ਮੈਂਬਰ ਵੀ ਇਸ ਸਮੇਂ ਸਟੇਜ ਤੇ ਨਾਲ ਸਨ। ਕ੍ਰਿਸ਼ਨਾ ਸਾਲੂੰਕੇ (ਪਖਾਵਜ) ਦੇਸ਼ ਦੇ ਪ੍ਰਸਿੱਧ ਪਖਾਵਜ ਵਾਦਕਾਂ ਵਿਚੋਂ ਕ੍ਰਿਸ਼ਨਾ ਸਾਲੂੰਕੇ ਸਟੇਜ ਤੇ ਆਪਣੇ ਸਾਥੀਆਂ ਸਮੇਤ ਸਟੇਜ ਤੇ ਆਏ। ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਸੁਆਗਤ ਕੀਤਾ। ਕ੍ਰਿਸ਼ਨਾ ਸਾਲੂੰਕੇ ਤਾਲ ਯੋਗੀ ਪੰਡਿਤ ਸੁਰੇਸ ਤਲਵਰਕਰ ਦੇ ਪ੍ਰਮੁੱਖ ਸ਼ਾਗਿਰਦਾਂ ਵਿਚੋਂ ਇਕ ਹਨ। ਇਨ੍ਹਾਂ ਨਾਲ ਹੀ ਗਾਇਨ- ਸੁਰੰਜਣ ਖੰਡਾਕਰ, ਹਰਮੋਨੀਅਮ ਯਸ਼ਵੰਤ ਥਿਟੇ, ਪਖਾਵਜ ਗੋਪਾਲ ਪਾਂਚਾਲ ਅਤੇ ਪਖਾਵਜ ਗਿਆਨ ਏਸ਼ਵਰ ਸਭ ਸਾਥੀ ਸੰਗਤ ਲਈ ਮੌਜੂਦ ਸਨ। ਮਰਦੰਗ ਉੱਪਰ ਹੱਥਾਂ ਦੀ ਐਸੀ ਕਲਕਾਰੀ ਹੋ ਰਹੀ ਸੀ ਸਮਾਂ ਰੁਕਿਆ ਮਹਿਸੂਸ ਹੋ ਰਿਹਾ ਸੀ ਹਾਲ ਵਿਚ ਕਮਾਲ ਦਾ ਦ੍ਰਿਸ਼ ਬਣਿਆ। ਪਖਾਵਜ ਦੀਆਂ ਅਲੱਗ-ਅਲੱਗ ਪਰਨਾ, ਰੇਲੇ, ਧਿਹਾਈਆਂ ਕਮਾਲ ਸਨ। ਸਿਵ ਸਤੂਤੀ ਤੇ ਸਿਵ ਤਾਂਡਵ ਦੇ ਬੋਲਾਂ ਨੇ ਤਾਂ ਸਰੋਤਿਆਂ ਨੂੰ ਜਿਵੇਂ ਕੀਲ ਕੇ ਰੱਖ ਦਿੱਤਾ ਹੋਵੇ। ਸਭ ਸਰੋਤਿਆਂ ਨੇ ਖੜੇ ਹੋ ਕੇ ਕਲਕਾਰਾਂ ਲਈ ਤਾਲੀਆਂ ਵਜਾਈਆਂ।

ਅਖੀਰੀ ਪੇਸ਼ਕਾਰੀ ਲਈ ਮੰਚ ਤੇ ਦਰਸ਼ਕਾਂ ਦੀਆ ਤਾੜੀਆਂ ਵਿਚ ਪੰਡਿਤ ਉਲਹਾਸ ਕੁਲਾਸਕਰ ਜੀ ਤਾਲ ਯੋਗੀ ਪੰ. ਸੁਰੇਸ ਤਲਵਰਕਰ ਅਤੇ ਹਰਮੋਨੀਅਮ ਤੇ ਸਾਥ ਲਈ ਵਿਨੇ ਮਿਸ਼ਰਾ ਆਏ।

ਰਾਗ ਬਿਹਾਗ ਨਾਲ ਸ਼ੁਰੂਆਤ ਕੀਤੀ। ਵਿਲੰਬਿਤ ਖਿਆਲ ਤਾਲ ਤਿਲਵਾੜਾ ਵਿਚ ਗਾਉਣਾ ਸ਼ੁਰੂ ਕੀਤਾ। ਹੋਲੀ-ਹੋਲੀ ਰਾਗ ਦਾ ਵਿਸਥਾਰ ਕਰਨਾ ਸ਼ੁਰੂ ਕੀਤਾ। ਰਸੀਲੀ ਤੇ ਮਿੱਠੀ ਅਵਾਜ ਨਾਲ ਰਾਗ ਬਿਹਾਰਾ ਗਾਇਨ ਐਵੇਂ ਸੀ ਜਿਵੇਂ ਕੋਈ ਪੇਂਟਰ ਹੋਲੀ-ਹੋਲੀ ਸੁੰਦਰ ਤਸਵੀਰ ਆਪਣੀ ਕਲਪਨਾ ਨਾਲ ਬਣਾ ਰਿਹਾ ਹੋਵੇ। ਦਰੁੱਤ ਲੈਅ ਵਿਚ ਬੰਦਿਸ਼ "ਅਬ ਮੋ ਲਾਲਨ" ਤਿੰਨ ਤਾਲ ਵਿਚ ਗਾਇਨ ਕੀਤੀ। ਤਰਾਨਾ ਵੀ ਤਿੰਨ ਤਾਲ ਵਿਚ ਪੇਸ਼ ਕੀਤਾ। "ਨਟਵਰ ਬਨ ਬਨ ਨਾਚੇ" ਬੰਦਿਸ਼ ਸੁਨਾ ਕੇ ਬਾਅਦ ਵਿਚ ਰਾਗ ਭੈਰਵੀ ਵਿਚ ਉਸਤਾਦ ਵਲਾਇਤ ਖਾਨ ਸਾਹਿਬ ਤੋਂ ਸਿੱਖੀ ਬੰਦਿਸ਼ "ਤੁਮ ਹੋ ਜਗਤ ਕੇ ਦਾਤਾ" ਨਾਲ ਸਮਾਪਤੀ ਕੀਤੀ। ਸਤਿਗੁਰੂ ਉਦੇ ਸਿੰਘ ਜੀ ਨੇ ਸਾਰੇ ਕਲਾਕਾਰਾਂ ਨੂੰ ਸਨਮਾਨਿਤ ਕੀਤਾ ਅਤੇ ਪਹਿਲੇ ਦਿਨ ਦਾ ਸੰਗੀਤ ਸੰਮੇਨਲਨ ਵਿਖੇ ਸਮਾਪਤ ਹੋਇਆ।

**ਦੂਸਰਾ ਦਿਨ 24-11-2025-** ਦੂਸਰੇ ਦਿਨ ਦੀ ਪਹਿਲੀ ਪੇਸ਼ਕਾਰੀ ਨਾਮਧਾਰੀ ਕਲਾਂ ਕੇਂਦਰ ਦੇ ਸਿਖਆਰਥੀ ਬਲਵੰਤ ਸਿੰਘ ਦੇ ਸਪੁੱਤਰ ਬਸੰਤ ਸਿੰਘ (ਜੋ ਕੇ ਅਜਕੱਲ ਪ੍ਰਸਿੱਧ ਸ਼ਾਸਤਰੀ ਸੰਗੀਤਕਾਰ ਅਜੇ ਚਕਰਵਰਤੀ ਕੋਲੋਂ ਸੰਗੀਤ ਦੀ ਤਾਲੀਮ ਲੈ ਰਿਹਾ ਹੈ) ਦੀ ਸੀ। ਬਸੰਤ ਸਿੰਘ ਨਾਲ ਤਬਲੇ ਤੇ ਸੰਗਤ ਲਈ ਰਾਗੀ ਹਰਪ੍ਰੀਤ ਸਿੰਘ ਸੋਨੂੰ ਦਾ ਸਪੁੱਤਰ ਹਰਨਾਮ ਸਿੰਘ, ਹਰਨਮੋਨੀਅਮ ਸੰਗਤ ਰਾਗੀ ਬਲਵੰਤ ਸਿੰਘ ਅਤੇ ਤਾਨਪੁਰੇ ਤੇ ਮਹਿਤਾਬ ਸਿੰਘ ਹਾਜ਼ਰ ਸਨ। ਬਸੰਤ ਸਿੰਘ ਨੇ ਆਪਣੀ ਪੇਸ਼ਕਾਰੀ ਰਾਗ ਬ੍ਰਿੰਦਾਬਨੀ ਸਾਰੰਗ ਦੇ ਵਿਲੰਬਿਤ ਖਿਆਲ ਤੋਂ ਸ਼ੁਰੂ ਕੀਤੀ।

ਦਰੁੱਤ "ਜਾ ਜਾ ਰੇ ਬਵਰਾ ਪਿਆ ਪਾਸ" ਬਦਿੰਸ ਤੇ ਫਿਰ ਇਕ ਤਰਾਨਾ ਪੇਸ਼ ਕੀਤਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸਿਖਾਈ ਬੰਦਿਸ਼ "ਖਵਾਜੇ ਮੀਨ ਦੀਨ ਪੀਰ ਅਜਮੇਰ ਆਏ" ਸੁਣਾ ਕੇ ਸਮਾਂ ਬੰਨ ਲਿਆ। ਇਕ ਹੋਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਬੰਦਿਸ਼ "ਹੇ ਮਾਂ ਗਰਜ਼ ਗਰਜ਼ ਬਰਸਰੀਆ ਬੂੰਦਰੀਆਂ" ਸੁਣਾ ਕੇ ਆਪਣੀ ਪੇਸ਼ਕਾਰੀ ਦੀ ਸਮਾਪਤੀ ਕੀਤੀ। ਦਿਨ ਦੀ ਦੂਜੀ ਪੇਸ਼ਕਾਰੀ ਲਈ ਪ੍ਰਸਿੱਧ ਸਾਰੰਗੀ ਵਾਦਕ ਉਸਤਾਦ ਸਰਵਰ ਹੁਸੈਨ ਸਟੇਜ ਤੇ ਆਏ ਨਾਲ ਹੀ ਅਮਾਨ ਹੁਸੈਨ ਸਾਰੰਗੀ ਅਤੇ ਅਰਮਾਨ ਹੁਸੈਨ ਤਾਨਪੁਰੇ ਤੇ ਸੰਗਤ ਲਈ ਅਤੇ ਰਾਗੀ ਹਰਬੰਸ ਸਿੰਘ ਘੁੱਲਾ ਦੇ ਛੋਟੇ ਸਪੁੱਤਰ ਅਜੇਪਾਲ ਸਿੰਘ ਤਬਲੇ ਤੇ ਸੰਗਤ ਲਈ ਹਾਜ਼ਰ ਸਨ।

ਉਸਤਾਦ ਸਰਵਰ ਹੁਸੈਨ ਹੁਰਾਂ ਨੇ ਰਾਗ "ਪੂਰੀਆ ਧਨਾਸਰੀ" ਨਾਲ ਪੇਸ਼ਕਾਰੀ ਦੀ ਸ਼ੁਰੂਆਤ ਕੀਤੀ। ਜਿਥੇ ਸਰਵਰ ਹੁਸੈਨ ਹਰਾਂ ਦੇ ਸੰਜੀਦਾ ਤੇ ਗਹਿਰੇ ਅਲਾਪ ਅਤੇ ਰਾਗ ਵਿਸਥਾਰ ਨੇ ਦਰਸ਼ਕਾਂ ਦਾ ਮਨ ਮੋਹਿਆ ਓਥੇ ਹੀ ਉਨ੍ਹਾਂ ਦੇ ਸਪੁੱਤਰ ਨੌਜਵਾਨ ਅਮਾਨ ਹੁਸੈਨ ਦੀਆਂ ਤੇਜ ਤਰਾਰ ਤਾਨਾਂ ਨੇ ਖੂਬ ਵਾਹ-ਵਾਹੀ ਲੁੱਟੀ। ਅੰਤ ਵਿਚ ਆਪਣੇ ਦਾਦਾ ਉਸਤਾਦ ਲਾਤੀਫ ਖਾਂ ਸਾਹਿਬ ਦੀ "ਬਟਆਰੀ ਧੁੰਨ" ਨਾਲ ਯਾਦਗਾਰ ਪੇਸ਼ਕਾਰੀ ਦੀ ਸਮਾਪਤੀ ਕੀਤੀ। ਸਭ ਦਰਸ਼ਕਾਂ ਨੇ ਖੜੇ ਹੋ ਕੇ ਤਾੜੀਆਂ ਵਜਾ ਕੇ ਇਸ ਪੇਸ਼ਕਾਰੀ ਨੂੰ ਸਰਾਹਿਆ।

ਅਖੀਰੀ ਪੇਸ਼ਕਾਰੀ ਲਈ ਉਸਤਾਦ ਨਿਸ਼ਾਤ ਖਾਨ (ਸਿਤਾਰ) ਅਤੇ ਤਬਲਾ ਸੰਗਤ ਲਈ ਉਸਤਾਦ ਅਕਰਮ ਖਾਨ ਸਟੇਜ ਤੇ ਆਏ। ਰਾਗ ਪੂਰੀਆ ਨਾਲ ਆਪਣੀ ਪੇਸ਼ਕਾਰੀ ਦਾ ਆਗਾਜ ਕੀਤਾ। ਸੰਗੀਤ ਸਮੁੰਦਰ ਦੀਆਂ ਲਹਿਰਾਂ ਦਾ ਅਨੋਖਾ ਨਜਾਰਾ ਦਰਸ਼ਕਾਂ ਨੇ ਅਨੁਭਵ ਕੀਤਾ। ਇਸ ਯਾਦਗਾਰੀ ਪੇਸ਼ਕਾਰੀ ਨਾਲ ਇਸ ਸਾਲ ਦਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸੰਗੀਤ ਸੰਮੇਲਨ ਸਮਾਪਤ ਹੋਇਆ। ਸਤਿਗੁਰੂ ਜੀ ਨੇ ਸਭ ਕਲਾਕਾਰਾਂ ਨੂੰ ਸਨਮਾਨਿਤ ਕੀਤਾ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਤੇ ਰਹਿਨੁਮਾਈ ਵਿਚ ਇਹ ਸੰਗੀਤ ਸੰਮੇਲਨ ਵਿਚ ਵੱਡੀ ਸੇਵਾ ਰਾਗੀ ਬਲਵੰਤ ਸਿੰਘ ਹੁਰੀ ਨਿਭਾਉਂਦੇ ਹਨ। ਸਭ ਇੰਤਜ਼ਾਮ ਆਪਣੀ ਨਿਗਰਾਨੀ ਹੇਠ ਕਰਦੇ ਤੇ ਕਰਵਾਉਂਦੇ ਹਨ। ਸਾਰੇ ਨਾਮਧਾਰੀ ਕਲਾ ਕੇਂਦਰ ਦੇ ਸਿਖਆਰਥੀ ਅਤੇ ਉਸਤਾਦ ਤਨ ਦੇਹੀ ਨਾਲ ਸੇਵਾ ਨਿਭਾਉਂਦੇ ਹਨ। ਹਰਕੀਰਤ ਸਿੰਘ ਅਤੇ ਉਸਦੀ ਟੀਮ ਅਤੇ ਬੰਤਾ ਸਿੰਘ ਅਤੇ ਉਸਦੀ ਟੀਮ ਵਿਡੀਓ, ਪੋਸਟਰ ਤਸਵੀਰਾਂ ਆਦਿ ਸਭ ਖੇਤਰ ਵਿਚ ਵੱਧ ਚੜ ਕੇ ਕੰਮ ਕਰਦੀ ਸੇਵਾ ਕੀਤੀ ਗਈ।

ਸਟੇਜ ਦੀ ਜ਼ਿੰਮੇਵਾਰੀ ਤਰੁਨਪਾਲ ਸਿੰਘ, ਅਰਜੁਨ ਕੌਰ, ਗਿਆਨ ਕੌਰ, ਹਰਜਸ ਕੌਰ, ਗਿਆਨ ਕੌਰ (ਸਾਹਿਬ ਪੁਰਾ), ਸੁਨੈਨਾ ਕੌਰ, ਨਰਾਇਣ ਕੌਰ ਨੇ ਬਾਖੂਬ ਨਿਭਾਈ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸ਼ਾਸਤਰੀ ਸੰਗੀਤ ਪ੍ਰਤੀਯੋਗਤਾ

ਚੌਥੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਸ਼ਾਸਤਰੀ ਸੰਗੀਤ ਪ੍ਰਤੀਯੋਗਤਾ ਇਸ ਵਾਰ ਤਬਲਾ ਸਮਰਾਟ 'ਜ਼ਾਕਿਰ ਹੁਸੈਨ' ਹੁਰਾਂ ਨੂੰ ਸਮਰਪਿਤ ਕੀਤੀ ਗਈ ਅਤੇ ਇਸ ਕਰਕੇ ਹੀ ਤਬਲਾ ਵਾਦਨ ਦੀ ਹੀ ਪ੍ਰਤਿਯੋਗਤਾ ਰੱਖੀ ਗਈ। ਇਸ ਵਿਚ ਤਿੰਨ ਹਿੱਸਿਆ ਵਿਚ ਪ੍ਰਤਿਯੋਗਤਾ ਨੂੰ ਸਪੰਨ ਕੀਤਾ ਗਿਆ। ਪਹਿਲਾ ਵਿਡੀਓ ਦੌਰ ਫਿਰ ਸੈਮੀਫਾਨੀਲ ਦੌਰ ਅਤੇ ਫਿਰ ਫਾਈਨਲ। ਪੂਰੇ ਦੇਸ਼ ਵਿਚੋਂ 108 ਪ੍ਰਤੀਯੋਗੀਆਂ ਨੇ ਇਸ ਪ੍ਰਤੀਯੋਗਤਾ ਵਿਚ ਹਿੱਸਾ ਲਿਆ।

ਮਹਾਰਾਸ਼ਟਰ 24, ਪੰਜਾਬ 18, ਬੰਗਾਲ 17, ਦਿੱਲੀ 12, ਮੱਧ ਪ੍ਰਦੇਸ਼ 7, ਉੱਤਰ ਪ੍ਰਦੇਸ਼ 7, ਗੋਆ 4, ਰਾਜਸਥਾਨ 4, ਹਰਿਆਣਾ 3, ਕਰਨਾਟਕਾ 3, ਆਸਾਮ 2, ਚੰਡੀਗੜ੍ਹ 2, ਉੜੀਸਾ 2, ਉਤਰਾਖੰਡ 2, ਗੁਜਰਾਤ 1 ਆਦਿ ਹਿੱਸਿਆਂ ਵਿਚੋਂ ਪ੍ਰਤੀਯੋਗੀ ਆਏ।

ਪਹਿਲੇ ਦੌਰ ਵਿਚ ਉਸਤਾਦ ਰਾਜੇਸ਼ ਮਾਲਵੀਆ ਅਤੇ ਉਸਤਾਦ ਹਰਪ੍ਰੀਤ ਸਿੰਘ ਸੋਨੂੰ ਹੁਰਾਂ ਨੇ 41 ਪ੍ਰਤਿਯੋਗੀਆਂ ਨੂੰ ਅਗਲੇ ਦੌਰ ਲਈ ਚੁਣਿਆ।

ਦੂਜਾ ਦੌਰ ਸ੍ਰੀ ਭੈਣੀ ਸਾਹਿਬ ਵਿਚ 7 ਅਤੇ 8 ਨਵੰਬਰ ਨੂੰ ਕਰਵਾਇਆ ਗਿਆ। ਬਿਤੌਰ ਜੱਜ ਡਾ. ਅਨਿਲ ਕੁਮਾਰ, ਉਸਤਾਦ ਰਾਜੇਸ਼ ਮਾਲਵੀਆ, ਉਸਤਾਦ ਹਰਪ੍ਰੀਤ ਸਿੰਘ ਸੋਨੂੰ ਹੁਰੀਂ ਹਾਜਰ ਹੋਏ। ਸਾਰੇ ਪ੍ਰਤਿਯੋਗੀਆਂ ਨੇ ਆਪਣੀ ਕਲਾ ਦਾ ਭਰਪੂਰ ਪ੍ਰਦਰਸ਼ਨ ਕੀਤਾ। ਜਿੱਥੇ 10 ਪ੍ਰਤੀਯੋਗੀਆਂ ਨੂੰ ਅਗਲੇ ਪੜਾਅ ਲਈ ਚੁਨਣਾ ਸੀ ਓਥੇ ਬੱਚਿਆਂ ਦੀ ਪ੍ਰਤਿਭਾ ਨੂੰ ਦੇਖਦੇ ਹੋਏ 15 ਪ੍ਰਤੀਯੋਗੀਆਂ ਨੂੰ ਚੁਣਿਆ ਗਿਆ। ਅਖੀਰੀ ਦੌਰ ਦਾ ਮੁਕਾਬਲਾ ਵੀ ਸ੍ਰੀ ਭੈਣੀ ਸਾਹਿਬ ਵਿਖੇ 10 ਨਵੰਬਰ ਨੂੰ ਰੱਖਿਆ ਗਿਆ। ਅਖੀਰੀ ਮੁਕਾਬਲੇ ਦੀ ਜੱਜਮੈਂਟ ਲਈ, ਤਾਲ ਯੋਗੀ ਪੰ. ਸੁਰੇਸ਼ ਤਲਵਲਕਰ ਅਤੇ ਪੰਡਿਤ ਯੋਗੇਸ਼ ਸਮਸੀ ਉਚੇਚੇ ਤੌਰ ਤੇ ਪੁੱਜੇ

ਅਤੇ ਉਹਨਾਂ ਨਾਲ ਉਸਤਾਦ ਹਰਜਿੰਦਰ ਸਿੰਘ ਹਾਜਰ ਸਨ।

**ਅਖੀਰੀ ਮੁਕਾਬਲਾ**

ਸਭ ਤੋਂ ਪਹਿਲਾਂ ਅੰਚਿਤ ਮਾਂਝੀ ਜੋ ਕੇ ਬੰਗਾਲ ਤੋਂ ਆਏ ਉਹਨਾਂ ਨੇ ਚਾਰ ਤਾਲ ਦੀ ਸਵਾਰੀ ਤਾਲ ਵਿਚ ਪੇਸ਼ਕਾਰੀ ਕੀਤੀ। ਅਥਰਵ ਲੋਹਾਰ (ਮਹਾਰਸ਼ਟਰ) ਨੇ ਤਿੰਨ ਤਾਲ ਵਿਚ ਪੇਸ਼ਕਾਰੀ ਕੀਤੀ।

ਨਾਮਧਾਰੀ ਕਲਾ ਕੇਂਦਰ ਦੇ ਵਿਦਿਆਰਥੀ ਅਤੇ ਪੰਡਿਤ ਅਨਿੰਦੋ ਚੈਟਰਜੀ ਦੇ ਸ਼ਾਗਿਰਦ  ਬਸੰਤ ਸਿੰਘ ਨਾਮਧਾਰੀ (ਦਿੱਲੀ) ਨੇ ਝੱਪ ਤਾਲ ਵਿਚ ਤਬਲਾ ਵਾਦਨ ਪੇਸ਼ ਕੀਤਾ। ਹੇਮੰਤ ਜੋਸ਼ੀ ਨੇ ਤਿੰਨ ਤਾਲ, ਜਗਮਿਤਰਾ ਲਿੰਗਾੜੇ ਨੇ ਤਾਲ ਪਦਮ ਦੀਪ (9 ਮਾਰਤ) ਕੋਸਬ ਭਾਗਿਵੰਤ ਨੇ ਇਕ ਤਾਲ, ਮੁਹੰਮਦ ਆਰੀਜ਼ ਨੇ ਤਿੰਨ ਤਾਲ, ਮੋਹਿਤ ਸ਼ਾਕਿਆ ਨੇ ਰੂਪਕ ਤਾਲ, ਸ਼ਵਨ ਸਿੰਘ ਨੇ ਤਿੰਨ ਤਾਲ ਵਿਚ ਪੇਸ਼ਕਾਰੀਆਂ ਕੀਤੀਆਂ। ਇਸ ਮੁਕਾਬਲੇ ਵਿਚ ਇਕਲੋਤੀ ਲੜਕੀ ਸ੍ਰੇਆ ਭਟਾਚਾਰੀਆ ਜੋ ਕਿ ਆਸਾਮ ਤੋਂ ਆਈ ਨੇ ਤਿੰਨ ਤਾਲ ਦੀ ਅਦਭੁੱਤ ਪੇਸ਼ਕਾਰੀ ਕੀਤੀ। ਸੋਹਮ ਜਗਤਾਪ ਨੇ ਤਿੰਨ ਤਾਲ, ਸੋਹਮ ਸ਼ਾਮ ਗੋਰਾਨੇ ਨੇ ਇਕ ਤਾਲ, ਸਵਰੰਗ ਕੇਟਕਰ ਨੇ ਤਿੰਨ ਤਾਲ, ਸਵਰਨਬਾ ਸਰਕਾਰ ਨੇ ਝੱਪ ਤਾਲ, ਉਤਪਾਲ ਸਾਂਈਕਰ ਨੇ ਤਿੰਨ ਤਾਲ ਵਿਚ ਅਖੀਰੀ ਪੇਸ਼ਕਾਰੀ ਕਰਕੇ ਮੁਕਾਬਲੇ ਨੂੰ ਅੰਜਾਮ ਤੱਕ ਪਹੁੰਚਾਇਆ।

ਜੱਜਾਂ ਲਈ ਨਤੀਜਾ ਕੱਢਣਾ ਬਹੁਤ ਹੀ ਮੁਸ਼ਕਿਲ ਹੋ ਰਿਹਾ ਸੀ ਕਿਉਂਕਿ ਸਾਰੇ ਬੱਚਿਆਂ ਨੇ ਬਹੁਤ ਹੀ ਬਾ-ਕਮਾਲ ਪੇਸ਼ਕਾਰੀਆਂ ਕੀਤੀਆਂ ਸਨ। ਇਸ ਕਰਕੇ ਹਰ ਸਥਾਨ ਲਈ ਦੋ-ਦੋ ਬੱਚਿਆਂ ਨੂੰ ਚੁਣਿਆ ਗਿਆ।

**ਨਤੀਜਾ**

**ਪਹਿਲਾ ਸਥਾਨ –** ਸੋਹਮ ਗੋਰਾਨੇ, ਜਗਮਿਤਰਾ ਲਿੰਗੜੇ
**ਦੂਜਾ ਸਥਾਨ –** ਅਮਚਿਤ ਮਾਂਝੀ, ਹੇਮੰਤ ਜੋਸ਼ੀ
**ਤੀਜਾ ਸਥਾਨ –** ਸ੍ਰੇਆ ਭੱਟਾਚਾਰੀਆ, ਉਤਪਲ ਸਾਂਈਕਰ

ਜੇਤੂਆਂ ਨੂੰ ਪਹਿਲਾ ਸਥਾਨ ਇਕ ਲੱਖ ਰੁਪਏ, ਦੂਜਾ ਸਥਾਨ 70, 000 ਰੁਪਏ, ਤੀਜਾ ਸਥਾਨ 50, 000 ਰੁਪਏ ਅਤੇ ਟਰਾਫੀਆਂ ਸਤਿਗੁਰੂ ਜੀ ਵਲੋਂ ਦਿੱਤੀਆਂ ਗਈਆਂ।

ਪੰ. ਸੁਰੇਸ਼ ਤਲਵਲਕਰ ਅਤੇ ਪੰ. ਯੋਗਸ਼ ਸਮਸੀ ਨੇ ਬੱਚਿਆਂ ਨਾਲ ਆਪਣੇ ਸੁਝਾਅ ਸਾਂਝੇ ਕੀਤੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬਚਨਾਂ ਨਾਲ ਅਸ਼ੀਰਵਾਦ ਦਿੱਤਾ।

ਰਾਗੀ ਬਲਵੰਤ ਸਿੰਘ ਹੁਰਾਂ ਨੇ ਅਗਲੇ ਸਾਲ ਦੀ ਪ੍ਰਤੀਯੋਗਤਾ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕੇ ਅਗਲੀ ਪ੍ਰਤੀਯੋਗਤਾ ਤੰਤੀ ਸਾਜਾਂ ਦੀ ਹੋਵੇਗੀ।

ਇਸ ਪ੍ਰਤੀਯੋਗਤਾ ਲਈ ਰਾਗੀ ਬਲਵੰਤ ਸਿੰਘ ਹੁਰਾਂ ਅਤੇ ਨਾਮਧਾਰੀ ਕਲਾ ਕੇਂਦਰ ਦੇ ਉਸਤਾਦ ਅਤੇ ਬੱਚਿਆਂ ਦੀ ਕਾਫੀ ਮਿਹਨਤ ਸੀ। ਬੰਤਾ ਸਿੰਘ ਅਤੇ ਉਹਨਾਂ ਦੀ ਟੀਮ ਵੀਡਿਓ, ਸਾਉਂਡ, ਤਸਵੀਰਾਂ ਦੀ ਸਾਂਭ ਸੰਭਾਲ ਵਿਚ ਬਹੁਤ ਮਿਹਨਤ ਕਰਦੀ ਰਹੀ। ਹਰਕੀਰਤ ਸਿੰਘ ਅਤੇ ਉਹਨਾਂ ਦੀ ਟੀਮ ਵਲੋਂ ਆਏ ਪ੍ਰਤੀਯੋਗੀਆਂ ਦੇ ਰਹਿਣ-ਸਹਿਣ, ਖਾਣ-ਪਾਨ ਆਦਿ ਦਾ ਬਹੁਤ ਸਯੋਗ ਇੰਤਜਾਮ ਕੀਤਾ। ਉਪਿੰਦਰ ਕੌਰ ਅਤੇ ਬਸੰਤ ਕੌਰ, ਰਚਨਾ ਕੌਰ ਨੇ ਸਟੇਜ ਦਾ ਪ੍ਰਬੰਧ ਬਹੁਤ ਸੁਯੋਗ ਢੰਗ ਨਾਲ ਸੰਭਾਲਿਆ।

**ਗੁਰਦੇਵ ਸਿੰਘ ਚੀਮਾ**

.....................................................

## ਨਾਮਧਾਰੀ ਇਤਿਹਾਸ ਨਾਲ ਸਬੰਧਿਤ ਹਜਾਰੀ ਬਾਗ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਝਾਰਖੰਡ ਰਾਜ ਦੇ ਸ਼ਹਿਰ ਹਜ਼ਾਰੀ ਬਾਗ ਦਾ ਨਾਮ ਨਾਮਧਾਰੀ ਇਤਿਹਾਸ ਵਿਚ ਆਪਣੀ ਵੱਖਰੀ ਪਹਿਚਾਣ ਰੱਖਦਾ ਹੈ। ਕਿਉਂਕਿ ਪੰਜਾਬ ਤੋਂ ਬਹੁਤ ਹੀ ਦੂਰ ਦੁਰਾਡੇ ਇਲਾਕੇ ਵਿਚ ਨਾਮਧਾਰੀ ਪੰਥ ਦੇ ਉਹ ਦੋ ਮਹਾਨ ਸੂਰਬੀਰ ਯੋਧੇ ਜੋ ਆਪਣੇ ਵਤਨ ਦੀ ਆਜ਼ਾਦੀ ਦੀ ਲੜਾਈ ਲੜਦੇ ਹੋਏ ਵਕਤ ਦੀ ਹਕੂਮਤ ਵੱਲੋ ਕੈਦ ਕੀਤੇ ਗਏ ਸਨ। ਜਿਨ੍ਹਾਂ ਦਾ ਨਾਮ ਨਾਮਧਾਰੀ ਇਤਿਹਾਸ ਅੰਦਰ ਸੁਨਹਿਰੀ ਅੱਖਰਾਂ ਨਾਲ ਦਰਜ ਹੈ। ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਚੱਕ ਜਿਹਨਾਂ ਆਪਣੀ ਜ਼ਿੰਦਗੀ ਦੇਸ਼ ਦੇ ਲੇਖੇ ਲਾ ਦਿੱਤੀ। ਲੰਬੀ ਕੈਦ ਦੇ ਦੌਰਾਨ ਸੂਬਾ ਸਾਹਿਬ ਸਿੰਘ ਏਸੇ ਸ਼ਹਿਰ ਹਜ਼ਾਰੀ ਬਾਗ ਵਿਖੇ ਬਣੀ ਹੋਈ ਜੇਲ੍ਹ ਵਿਚ ਹੀ ਆਪਣੀ ਸਵਾਸਾਂ ਦੀ ਪੂੰਜੀ ਸਮਾਪਤ ਕਰ ਗਏ। ਆਪਣਾ ਸਰੀਰ ਦੇਸ਼ ਆਜ਼ਾਦੀ ਲਈ ਦੇਸ਼ ਦੇ ਲੇਖੇ ਲਾ ਗਏ। ਇਨ੍ਹਾਂ ਦੋ ਸੂਰਬੀਰਾਂ ਦੀ ਯਾਦ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1982 ਦੇ ਕਰੀਬ ਕੁਝ ਜਮੀਨ ਇਹਨਾਂ ਦੀ ਯਾਦਗਾਰ ਸਥਾਪਤ ਕਰਨ ਲਈ ਖੁਦ ਖਰੀਦੀ ਗਈ ਸੀ। ਇਨ੍ਹਾਂ ਦੋ ਮਹਾਨ ਸਪੂਤਾਂ ਦੀ ਯਾਦ ਨੂੰ ਤਰੋਤਾਜਾ ਕਰਨ ਦੇ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ **ਮਿਤੀ 3 ਨਵੰਬਰ 2025 ਦਿਨ ਸੋਮਵਾਰ** ਨੂੰ ਸਵੇਰੇ ਗੱਡੀ

ਤੋਂ ਚੱਲ ਕੇ ਹਜਾਰੀ ਬਾਗ ਵਿਖੇ ਆਪਣੇ ਸਿੱਖਾਂ ਸੇਵਕਾਂ ਸਹਿਤ ਪਹੁੰਚੇ। ਹਜਾਰੀ ਬਾਗ ਵਿਖੇ ਨਾਮ ਸਿਮਰਨ ਦੀ ਅਖੰਡ ਵਰਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਰੰਭ ਕੀਤੀ ਸੀ, ਜੋ ਨਿਰੰਤਰ ਚੱਲ ਰਹੀ ਹੈ। ਏਥੇ ਡੇਰੇ ਦੇ ਮਹੰਤ ਦੀ ਸੇਵਾ ਸਰਬਜੀਤ ਸਿੰਘ ਬਜੀਦਪੁਰ ਤੋਂ ਕਰ ਰਹੇ ਹਨ। ਮਹੰਤ ਸਰਬਜੀਤ ਸਿੰਘ ਅਤੇ ਵਰਨੀ ਵਾਲੇ ਸਿੰਘਾਂ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਧੰਨਵਾਦ ਕੀਤਾ ਅਤੇ ਗੁਲਦਸਤੇ ਭੇਂਟ ਕੀਤੇ ਗਏ। ਜਿਸ ਸਥਾਨ ਤੇ ਵਰਨੀ ਚੱਲ ਰਹੀ ਹੈ ਇਨ੍ਹਾਂ ਸ਼ਹੀਦਾਂ ਦੇ ਰਹਿਣ ਲਈ ਸ. ਸੁਖਪਾਲ ਸਿੰਘ ਡਾਲਟਨ ਗੰਜ ਦੀ ਅਗਵਾਈ ਵਿੱਚ ਹੋਰ ਨਵੇਂ ਕਮਰਿਆਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਉਹ ਪੁਰਾਣੀ ਜੇਲ੍ਹ ਜਿਥੇ ਦੋਨੋਂ ਸੂਬਾ ਸਾਹਿਬਾਨ ਨੂੰ ਕੈਦ ਰੱਖਿਆ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਸੰਗਤ ਸਮੇਤ ਜੇਲ੍ਹ ਦਾ ਦੌਰਾ ਕੀਤਾ। ਇਥੋਂ ਅੱਜ ਕੱਲ ਲੜਕੀਆਂ ਦਾ ਸਕੂਲ ਚੱਲ ਰਿਹਾ ਹੈ ਜਿਸ ਦਾ ਨਾਮ 'ਇੰਦਰਾ ਗਾਂਧੀ ਬਾਲਿਕਾ ਵਿਦਿਆਲਿਆ' ਹਜਾਰੀ ਬਾਗ ਹੈ ਸ. ਸੁਵਰਨ ਸਿੰਘ ਵਿਰਕ ਨੇ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਸਮੇਤ 'ਪ੍ਰਦੇਸੀ ਪ੍ਰੀਤਮ' ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਉਹਨਾਂ ਪੁਰਾਣੀਆਂ ਯਾਦਾਂ ਨੂੰ ਵੀ ਤਰੋਤਾਜਾ ਕੀਤਾ। ਜਿਨ੍ਹਾਂ ਨੇ ਇਸ ਜੇਲ੍ਹ ਵਿੱਚ ਆਪਣੀ ਜਿੰਦਗੀ ਦਾ ਸਮਾਂ ਗੁਜਾਰਿਆ ਸੀ। ਸਾਰੇ ਹੀ ਆਏ ਹੋਏ ਜੱਥੇ ਨੇ ਭਰੇ ਮਨ ਨਾਲ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਯਾਦ ਕੀਤਾ ਅਤੇ ਵਾਪਸੀ ਰਾਂਚੀ ਲਈ ਆਪੋ-ਆਪਣੀਆਂ ਗੱਡੀਆਂ ਵਿੱਚ ਸਵਾਰ ਹੋ ਕੇ ਚੱਲ ਪਏ। ਦੇਰ ਸ਼ਾਮ ਤੱਕ ਗੱਡੀ ਪਹੁੰਚ ਡੇਰੇ ਆਣ ਵਿਸ਼ਰਾਮ ਕੀਤਾ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਝਾੜਖੰਡ ਰਾਜ ਦੀ ਰਾਜਧਾਨੀ ਰਾਂਚੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਬਿਹਾਰ ਰਾਜ ਦੀ ਰਾਜਧਾਨੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਵਰ੍ਹੇ ਦੇ ਸ਼ਹੀਦੀ ਸਮਾਗਮਾਂ ਵਿੱਚ ਹਾਜ਼ਰੀ ਅਤੇ ਤਖਤ ਹਰੀ ਮੰਦਰ ਪਟਨਾ ਸਾਹਿਬ ਦੇ ਦਰਸ਼ਨ ਮੇਲੇ ਕਰਨ ਤੋਂ ਬਾਅਦ ਡਾਲਟਨ ਗੰਜ ਤੋਂ ਬਾਅਦ ਮੰਜਲੋ-ਮੰਜਲੀ ਸਫ਼ਰ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਹਿਤ ਝਾੜਖੰਡ ਦੇ ਸ਼ਹਿਰ ਡਾਲਟਨਗੰਜ ਤੋਂ ਬਾਅਦ ਸੰਗਤ ਤੋਂ ਵਿਦਾਇਗੀ ਲੈ ਕੇ ਲਗਭੱਗ 160 ਕਿਲੋਮੀਟਰ ਦਾ ਸਫ਼ਰ ਤਹਿ ਕਰਕੇ ਸ਼ਾਮ 6:30 ਤੇ **ਮਿਤੀ 2 ਨਵੰਬਰ 2025 ਦਿਨ ਐਤਵਾਰ** ਨੂੰ ਰਾਂਚੀ ਵਿਖੇ ਹਰੀ ਓਮ ਇਨਕਲੇਵ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਰਾਤ ਦਾ ਡੇਰਾ ਸ. ਗੁਰਦਿਆਲ ਸਿੰਘ ਚੰਨੀ ਦੇ ਗ੍ਰਿਹਿ ਵਿਖੇ ਹਰਸ ਗਈਟਸ ਇਨਕਲੇਵ ਵਿਖੇ 11 ਵੀ ਮੰਜ਼ਿਲ ਤੇ ਕੀਤਾ।

**ਮਿਤੀ 3 ਨਵੰਬਰ 2025–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਹਰਸ ਗਈਟਸ ਇਨਕਲੇਵ ਵਿਖੇ ਬਣੇ ਹੋਏ ਬਹੁਤ ਹੀ ਸੁੰਦਰ ਕਲੱਬ ਹਾਲ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ ਗਿਆ। ਵਾਰ ਉਪਰੰਤ ਲੰਗਰ ਪਾਣੀ ਛੱਕ ਕੇ ਸੰਗਤ ਦਾ ਅਤੇ ਸ੍ਰੀ ਸਤਿਗੁਰੂ ਜੀ ਦਾ ਪ੍ਰੋਗਰਾਮ ਹਜ਼ਾਰੀ ਬਾਗ਼ ਵਿਖੇ ਦਰਸ਼ਨ ਮੇਲਾ ਕਰਨ ਜਾਣ ਦਾ ਸੀ। 9 ਵਜੇ ਦੇ ਕਰੀਬ ਸ੍ਰੀ ਸਤਿਗੁਰੂ ਜੀ ਅਤੇ ਸੰਗਤ ਚਾਲੇ ਪਾਏ ਡਾਲਟਨਗੰਜ ਲਈ। ਸ੍ਰੀ ਸਤਿਗੁਰੂ ਜੀ ਗੱਡੀ ਨੰ. J.H 01 F7- 6766 ਵਿੱਚ ਸਵਾਰ ਸਨ। ਜਿਸ ਗੱਡੀ ਨੂੰ ਗੁਰਦਿਆਲ ਸਿੰਘ ਚੰਨੀ ਪੁੱਤਰ ਸ. ਸਤਿੰਦਰ ਸਿੰਘ ਚਲਾ ਰਿਹਾ ਸੀ। ਦਰਸ਼ਨ ਮੇਲਾ ਕਰਨ ਉਪਰੰਤ ਵਾਪਸੀ ਕੀਤੀ। ਡਾਲਟਨ ਗੰਜ ਡੇਰੇ ਦੀ ਰੀਪੋਟ ਅਲੱਗ ਭੇਜ ਰਿਹਾ ਹਾਂ ਜੀ। ਡਾਲਟਨ ਗੰਜ ਤੋਂ ਵਾਪਸੀ ਆਣ ਕੇ ਕਰਕੇ ਰੋੜ ਪੰਚਵਟੀ ਸ. ਬਲਕਾਰ ਸਿੰਘ ਪੁੱਤਰ ਸੰਤੋਖ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਅਰਸਾ ਹਾਈਜੈਟ ਸੁਸਾਇਟੀ ਵਿਖੇ ਰਤਨ ਸਿੰਘ ਪੁੱਤਰ ਸੁਖਦੇਵ ਸਿੰਘ 14 ਵੀਂ ਮੰਜਿਲ, ਮੁਖਤਿਆਰ ਸਿੰਘ ਪੁੱਤਰ ਸੁਖਦੇਵ ਸਿੰਘ 10 ਵੀਂ ਮੰਜਿਲ ਅਤੇ ਜਤਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ 15 ਵੀਂ ਮੰਜਿਲ ਤੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਰੋੜਕੇਲਾ (ਉੜੀਸਾ) ਤੋਂ ਵੀ ਸ. ਸਤਵੰਤ ਸਿੰਘ ਪੁੱਤਰ ਲਹਿਣਾ ਸਮੇਤ ਆਪਣੀ ਧਰਮ ਪਤਨੀ ਦਰਸ਼ਨ ਕਰਨ ਲਈ ਪਹੁੰਚੇ ਹੋਏ ਸਨ। ਟਾਟਾ ਨਗਰ ਦੀ ਸੰਗਤ ਵੀ ਦਰਸ਼ਨ ਕਰਨ ਲਈ ਆਈ। ਰਾਤ ਨੂੰ ਡੇਰੇ ਵਿਸ਼ਰਾਮ ਕਰਨ ਤੋਂ ਪਹਿਲਾਂ ਸ. ਸੁਵਰਨ ਸਿੰਘ ਵਿਰਕ, ਪੰਡਿਤ ਯਾਦਵਿੰਦਰ ਸਿੰਘ ਅਤੇ ਸੰਤ ਨਿਸ਼ਾਨ ਸਿੰਘ ਸਮੇਤ ਕੁਝ ਹੋਰ ਸੱਜਨਾਂ ਨਾਲ ਬਚਨ ਬਿਲਾਸ ਕਾਫੀ ਦੇਰ ਤੱਕ ਵਿਚਾਰ ਚਰਚਾ ਦੇ ਰੂਪ ਵਿਚ ਹੁੰਦੇ ਰਹੇ ਰਾਤ ਡੇਰੇ ਵਿਸ਼ਰਾਮ ਕੀਤਾ।

**ਮਿਤੀ 4 ਨਵੰਬਰ 2025 ਦਿਨ ਮੰਗਲਵਾਰ–**

ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਜੱਥੇ ਵੱਲੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕਲੱਬ ਹਾਲ ਵਿਖੇ ਹੋਇਆ ਵਾਰ ਉਪਰੰਤ ਪ੍ਰਸ਼ਾਦ ਪਾਣੀ ਛਕਣ ਉਪਰੰਤ ਸੰਗਤ ਤੋਂ ਵਿਦਾਇਗੀ ਲੈ ਕੇ ਸ੍ਰੀ ਸਤਿਗੁਰੂ ਜੀ ਸਮੇਤ ਸਾਰਾ ਜਥਾ ਰਾਂਚੀ ਦੀ ਬਿਰਸਾ ਮੁੰਡਾ ਹਵਾਈ ਅੱਡੇ ਲਈ ਚੱਲ ਪਏ ਜਿਥੋਂ ਫਲਾਇਟ ਲੈ ਕੇ ਸ੍ਰੀ ਸਤਿਗੁਰੂ ਜੀ ਦਿੱਲੀ ਵਿਖੇ ਸਾਧ ਸੰਗਤ ਨੂੰ ਆਣ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਸ੍ਰੀ ਸਤਿਗੁਰੂ ਜੀ ਦੇ ਦਿੱਲੀ ਵਿਖੇ ਦਰਸ਼ਨ

ਲਗਾਤਾਰ ਚੱਲ ਰਹੇ ਬਿਹਾਰ, ਝਾਰਖੰਡ ਆਦਿ ਇਲਾਕਿਆਂ ਦੌਰਾ ਕਰਦੇ ਹੋਏ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਰਾਂਚੀ ਤੋਂ ਚੱਲ ਕੇ **ਮਿਤੀ 4 ਨਵੰਬਰ 2025 ਮੰਗਲਵਾਰ** ਨੂੰ ਦਿੱਲੀ ਹਵਾਈ ਅੱਡੇ ਤੇ ਉਤਰੇ ਅਤੇ ਸਿੱਧੇ ਹੀ ਭਾਰਤ ਦੀ ਕੈਬਨਿਟ ਰਾਜ ਮੰਤਰੀ ਸ੍ਰੀਮਤੀ ਰਕਸਾ ਨਿਖਲ ਖੰਡਸੇ ਦੇ ਨਿਵਾਸ ਸਥਾਨ ਤੇ ਮੁਲਾਕਾਤ ਕੀਤੀ ਜਿਹਨਾਂ ਕੋਲ ਖੇਡ ਵਿਭਾਗ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਵਲੋਂ ਹੈ। ਮੰਤਰੀ ਸਾਹਿਬਾ ਨਾਲ ਖੇਡ ਦੇ ਖੇਤਰ ਦੀ ਗੱਲਬਾਤ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ ਸਰ ਗੰਗਾ ਰਾਮ ਹਸਪਤਾਲ ਦਿੱਲੀ ਵਿਖੇ ਬੀਬੀ ਸੁਰਿੰਦਰ ਕੌਰ ਪਤਨੀ ਸ. ਬਾਲ ਸਿੰਘ ਵਿਸ਼ਨੂੰ ਗਾਰਡਨ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਕੁਝ ਦਿਨ ਪਹਿਲਾਂ ਹੀ ਇੱਕ ਅਚਾਨਕ ਵਾਪਰੇ ਹਾਦਸੇ ਵਿਚ ਵਿਛੜੇ ਸ. ਰਾਜਪਾਲ ਸਿੰਘ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਅਤੇ ਪਰਿਵਾਰ ਨੂੰ ਹੌਂਸਲਾ ਦਿੱਤਾ। ਸ. ਜੋਗਿੰਦਰ ਸਿੰਘ ਪੁੱਤਰ ਹਰਬੰਸ ਸਿੰਘ ਰਮੇਸ਼ ਨਗਰ ਦੇ ਚੜ੍ਹਾਈ ਕਰਨ ਤੇ ਦਰਸ਼ਨ ਦਿੱਤੇ। ਸ. ਗੁਰਮੀਤ ਸਿੰਘ ਸੱਚਦੇਵ ਪੁੱਤਰ ਸ. ਮੇਲਾ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਸ਼ਾਮ ਦਾ ਨਾਮ ਸਿਮਰਨ ਅਤੇ ਕੀਰਤਨ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ।

ਮਿਤੀ 5 ਨਵੰਬਰ 2025 ਦਿਨ ਬੁੱਧਵਾਰ: ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਨੇ ਕੀਤੀ। ਦਿੱਲੀ ਗੁਰਦੁਆਰਾ ਦੇ ਹਾਲ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਗਈ ਹੈ ਜਿਸ ਤੇ ਕਾਫੀ ਮਿਹਨਤ ਕੀਤੀ ਗਈ ਦਿਸਦੀ ਹੈ ਸ੍ਰੀ ਸਤਿਗੁਰੂ ਜੀ ਨੇ ਰੀਬਨ ਕੱਟ ਕੇ ਇਸ ਦਾ ਸ੍ਰੀ ਗਨੇਸ਼ ਅਰੰਭਤਾ ਕੀਤੀ। ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ ਦਿਨ ਸੀ ਇਸ ਕਰਕੇ ਰਾਗੀ ਸਿੰਘਾਂ ਨੇ ਸ਼ਬਦ ਗਾਇਨ ਕੀਤਾ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ "ਕਲਿ ਤਾਰਨ ਗੁਰੁ ਨਾਨਕ ਆਇਆ" ਵਾਰ ਸਮਾਪਤੀ ਉਪਰੰਤ ਬੱਚੀ ਗਿਆਨ ਕੌਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਬਾਬਤ ਕੁਝ ਸ਼ਬਦ ਆਖੇ। ਕਾਕਾ ਜਸਕਰਨ ਸਿੰਘ ਨੇ "ਜੋ ਤੁਧੁ ਭਾਵੈ ਸਾਈ ਭਲੀ ਕਾਰ" ਗੁਰਬਾਣੀ ਦੇ ਸ਼ਬਦ ਤੇ ਗੱਲ ਕੀਤੀ। ਸ. ਸੁਵਰਨ ਸਿੰਘ ਵਿਰਕ ਨੂੰ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਬਤ ਸੰਗਤ ਨੂੰ ਸੰਬੋਧਨ ਕੀਤਾ ਅਤੇ ਸੰਤ ਨਿਸ਼ਾਨ ਸਿੰਘ ਜੀ ਨੇ ਅੱਜ ਦੇ ਦਿਨ ਬਾਰੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਦਿੱਲੀ ਤੋਂ ਇਲਾਕਾ ਸ੍ਰੀ ਜੀਵਨ ਨਗਰ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਸ੍ਰੀ ਸਤਿਗੁਰੂ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਦਰਸ਼ਨ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਿੱਲੀ ਨਿਵਾਸੀ ਸਾਧ ਸੰਗਤ ਨੂੰ ਦਰਸ਼ਨ ਦੇਣ ਤੇ ਬਾਅਦ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਦਰਸ਼ਨ ਦੇਣ ਦੇ ਪ੍ਰੋਗਰਾਮ ਮੁਤਾਬਿਕ **ਮਿਤੀ 5 ਨਵੰਬਰ 2025 ਦਿਨ ਬੁੱਧਵਾਰ** ਨੂੰ ਵਾਇਆ ਹਿਸਾਰ, ਸਿਰਸਾ ਹੁੰਦੇ ਹੋਏ ਪਿੰਡ ਸੰਤ ਨਗਰ ਵਿਖੇ ਬਣੇ ਪ੍ਰਤਾਪ ਮੰਦਰ ਵਿੱਚ ਸਾਧ ਸੰਗਤ ਨੂੰ ਦਰਸ਼ਨ ਦਿੱਤੇ। ਜਿਥੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਜਗਦੇਵ ਸਿੰਘ ਪੁੱਤਰ ਸ. ਮੇਹਰ ਸਿੰਘ ਸੰਤ ਨਗਰ ਨਿਵਾਸੀ ਦੇ ਚੜ੍ਹਾਈ ਕਰਨ ਉਪਰੰਤ ਭੋਗ ਸਮਾਪਤੀ ਸੀ। ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਕੀਰਤਨ ਕਰ ਰਹੇ ਸਨ। ਕਬੀਰ ਜੀ ਦਾ ਸ਼ਬਦ ਸੀ "ਐਸੋ ਇਹੁ ਸੰਸਾਰ ਪੇਖਨਾ, ਰਹਨੁ ਨਾ ਕੋਊ ਪਈ ਹੈ ਰੇ" ਕੀਰਤਨ ਦੀ ਸਮਾਪਤੀ ਉਪਰੰਤ ਸ. ਜਗਦੇਵ ਸਿੰਘ ਵਿਰਕ ਪਰਿਵਾਰ ਜਾਣਕਾਰੀ ਬਾਰੇ ਵਿਸਥਾਰ ਨਾਲ ਬੋਲੇ।

ਭੋਗ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਪਿੰਡ ਦਮਦਮਾ ਵਿਖੇ ਬੀਬੀ ਕਰਮਜੀਤ ਕੌਰ ਪਤਨੀ ਰਜਿੰਦਰ ਸਿੰਘ ਦੇ ਜੋ ਕਿ ਪਟਨਾ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਦੌਰੇ ਸਮੇਂ ਹੋ ਰਹੇ ਧਰਮ ਸੰਮੇਲਨ ਵਿਚ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਚੜਾਈ ਕਰ ਗਏ ਸਨ ਦੇ ਘਰ ਦਰਸ਼ਨ ਦਿੱਤੇ। ਸੰਤ ਨਗਰ ਵਿਖੇ ਗੁਰਦੇਵ ਸਿੰਘ ਪੁੱਤਰ ਗੁਰਬਖਸ਼ ਸਿੰਘ ਦੇ ਘਰ ਚਰਨ ਪਾਏ ਅਤੇ ਸੰਤ ਨਗਰ ਵਿਖੇ ਸ. ਹਰਪ੍ਰੀਤ ਸਿੰਘ ਪੁੱਤਰ ਗੁਰਮੇਲ ਸਿੰਘ ਬਾਈ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਜਿਸਨੇ ਫਗਵਾੜਾ ਦੀ ਨਾਮਧਾਰੀ ਧਰਮਸ਼ਾਲਾ 'ਚ ਕਾਫੀ ਦੇਰ ਸੇਵਾ ਕੀਤੀ ਹੈ। ਸੰਤ ਨਗਰ ਵਿਖੇ ਰੂਪ ਸਿੰਘ ਪੁੱਤਰ ਸ. ਸੇਰ ਸਿੰਘ ਦੇ ਚੜਾਈ ਕਰਨ ਅਤੇ ਧਰਮ ਸਿੰਘ ਖੋਟਿਆ ਵਾਲੇ ਪੁੱਤਰ ਸ. ਮੱਘਰ ਸਿੰਘ ਦੇ ਚੜਾਈ ਕਰਨ ਤੇ ਪਰਿਵਾਰਾਂ ਨੂੰ ਦਰਸ਼ਨ ਦਿੱਤੇ। ਕੁਝ ਸਮਾਂ ਗੁਰੂ ਹਰੀ ਸਿੰਘ ਕਾਲਜ ਦੇ ਖੇਡ ਸਟੇਡੀਅਮ ਵਿਖੇ ਖਿਡਾਰੀਆਂ ਨਾਲ ਮਿਲਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਸ਼ਾਮ ਨੂੰ ਮਸਤਾਨਗੜ੍ਹ ਵਿਖੇ 6 ਤੋਂ 7 ਵਜੇ ਤੱਕ ਨਾਮ ਸਿਮਰਨ ਸਮੇਂ ਸੰਗਤ ਨੂੰ ਦਰਸ਼ਨ ਦਿੱਤੇ। ਏਥੇ ਹੀ ਸਿਰਸਾ ਸ਼ਹਿਰ ਦੇ ਨਵੇਂ ਆਏ ਐਸ.ਪੀ. ਸ੍ਰੀ ਦੀਪਕ ਸਹਾਰਨ ਵੀ ਦਰਸ਼ਨ ਕਰਨ ਲਈ ਆਏ ਅਤੇ ਨਸ਼ਾ ਬੰਦੀ ਲਈ ਸਟੇਜ ਤੇ ਬੋਲੇ ਵੀ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਐਸ.ਪੀ. ਸ੍ਰੀ ਦੀਪਕ ਸਹਾਰਨ ਨੂੰ ਸਿਰੋਪਾਉ ਦੇ ਕੇ ਨਿਵਾਜਿਆ। ਸੰਗਤ ਨੂੰ ਸ. ਸੁਵਰਨ ਸਿੰਘ ਵਿਰਕ ਅਤੇ ਸੰਤ ਨਿਸ਼ਾਨ ਸਿੰਘ ਜੀ ਨੇ ਵੀ ਸੰਬੋਧਨ ਕੀਤਾ। ਰਾਤ ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਲੇ ਪੁਰਾਨੇ ਡੇਰੇ ਵਿਚ ਡੇਰਾ ਕਰ ਵਿਸ਼ਰਾਮ ਕੀਤਾ।

ਮਿਤੀ 6 ਨਵੰਬਰ 2025 ਦਿਨ ਵੀਰਵਾਰ- ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਗਜੀਤ ਨਗਰ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਬਣੇ ਜਗਜੀਤ ਮੰਦਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਅਤੇ ਸਤਨਾਮ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਉਪਰੰਤ ਪਵਿੱਤਰ ਗੁਰਬਾਣੀ ਦੇ ਇਕ ਅਖੰਡ ਪਾਠ ਦਾ ਭੋਗ ਵੀ ਪਾਇਆ ਗਿਆ। ਨਗਰ ਵੱਲੋਂ ਅੱਜ ਦਾ ਮੇਲਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਕੀਤਾ ਗਿਆ। ਪ੍ਰੋਗਰਾਮ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਅਜੈਬ ਸਿੰਘ ਪੁੱਤਰ ਗੁਰਦਿਆਲ ਸਿੰਘ, ਜਸਪਾਲ ਸਿੰਘ ਪੁੱਤਰ ਮਿੱਠੂ ਸਿੰਘ, ਭੁਪਿੰਦਰ ਸਿੰਘ ਨਾਗੀ ਪੁੱਤਰ ਗੁਰਮੁਖ ਸਿੰਘ, ਗੁਰਮੇਜ ਸਿੰਘ ਪੁੱਤਰ ਸਰਦਾਰਾ ਸਿੰਘ, ਜਗਦੀਸ ਸਿੰਘ, ਬੂਟਾ ਸਿੰਘ, ਜਰਨੈਲ ਸਿੰਘ ਪੁੱਤਰ ਸ. ਵਿਰਸਾ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਟਿੱਬਾ ਫਾਰਮ ਦਾ ਦੌਰਾ ਕਰਨ ਉਪਰੰਤ ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਵਿਚ ਦਰਸ਼ਨ ਦਿੱਤੇ ਅਤੇ ਵਿਦਿਆਰਥੀਆਂ ਦੇ ਰੂ-ਬ-ਰੂ ਹੋ ਕੇ ਕੁਝ ਸਵਾਲ-ਜਵਾਬ ਸਾਂਝੇ ਕੀਤੇ। ਸਕੂਲ ਦੇ ਪ੍ਰਿੰਸੀਪਲ ਸ੍ਰੀ ਪੁਨੀਤ ਚੰਦੇਲ, ਵਾਈਸ ਪ੍ਰਿੰਸੀਪਲ ਸ੍ਰੀ ਮਤੀ ਦੀਪਾਲੀ ਚੰਦੇਲ ਸਮੇਂ ਪ੍ਰੰਬਧਕੀ ਵਰਗ ਸ. ਗੁਰਚਰਨ ਸਿੰਘ ਪੱਪੂ ਅਤੇ ਗੁਰਮੀਤ ਸਿੰਘ ਵੜੈਚ ਵੀ ਹਾਜ਼ਰ ਸਨ ਸ੍ਰੀ ਜੀਵਨ ਨਗਰ ਪਿੰਡ ਵਿਚ ਸ. ਗੁਰਮੀਤ ਸਿੰਘ ਭਾਈ ਪੁੱਤਰ ਸ. ਉਜਾਗਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਮਸਤਾਨਗੜ੍ਹ ਵਿਖੇ ਮਾਤਾ ਹਰਬੰਸ ਕੌਰ ਪਤਨੀ ਸੰਤ ਜਗਦੀਸ ਸਿੰਘ ਦੇ ਭੋਗ ਸਮੇਂ ਦਰਸ਼ਨ ਦਿਤੇ ਤਾਂ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਕੀਰਤਨ ਕਰ ਰਹੇ ਸਨ ਸ਼ਬਦ ਸੀ ਕਬੀਰ ਜੀ ਦਾ "ਕਿਆ ਮਾਗਉ ਕਿਛੁ ਥਿਰ ਨ ਰਹਾਈ" ਮਾਤਾ ਹਰਬੰਸ ਕੌਰ, ਸ. ਸੁਖਦੇਵ ਸਿੰਘ ਚਾਨਾ, ਗੁਰਮੀਤ ਸਿੰਘ ਚਾਨਾ, ਸੂਬਾ ਬਲਦੇਵ ਸਿੰਘ ਅਤੇ ਸ. ਸੇਵਾ ਸਿੰਘ ਐਲਨਾਬਾਦ ਵਾਲੇ ਦੇ ਮਾਤਾ ਜੀ ਸਨ ਜੋ ਪਿਛਲੇ ਦਿਨੀਂ ਚੜਾਈ ਕਰ ਗਏ ਸਨ। ਸੇਵਕ ਹਰਪਾਲ ਸਿੰਘ ਪਰਿਵਾਰਕ ਪਿਛੋਕੜ ਬਾਰੇ ਕੁਝ ਸ਼ਬਦ ਬੋਲੇ। ਪਿੰਡ ਕਰੀਵਾਲਾ ਵਿਖੇ ਬੀਬੀ ਮਨਜੀਤ ਕੌਰ ਪਤਨੀ ਸ. ਸੇਵਾ ਸਿੰਘ ਵਿਰਕ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਸੂਬਾ ਸੰਦੀਪ ਸਿੰਘ ਕਰੀਵਾਲਾ ਸਮੇਤ ਕਵੀਸ਼ਰ ਗੁਰਸੇਵਕ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਇਕ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਪਿੰਡ ਦਮਦਮਾ ਵਿਖੇ ਬੀਬੀ ਕਰਮਜੀਤ ਕੋਰ ਪਤਨੀ ਰਜਿੰਦਰ ਸਿੰਘ ਜੋ ਪਿਛਲੇ ਦਿਨੀਂ ਪਟਨਾ ਵਿਖੇ ਹੋ ਰਹੇ ਸਮਾਗਮਾਂ ਸਮੇਂ ਦਰਸ਼ਨ ਕਰਨ ਗਈ ਸੀ ਤਾਂ ਉਥੇ ਹੀ ਸਮਾਗਮ ਦੌਰਾਨ ਚੜਾਈ ਕਰ ਗਈ ਸੀ। ਉਸ ਦਾ ਭੋਗ ਦਮਦਮਾ ਪਿੰਡ ਵਿਖੇ ਉਹਨਾਂ ਦੇ ਗ੍ਰਹਿ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਇਆ ਗਿਆ। ਜਥੇ. ਗੁਰਲਾਲ ਸਿੰਘ ਦੇ ਜਥੇ ਵਲੋਂ ਦੀਵਾਨ ਸਜਾਇਆ ਗਿਆ ਅਤੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਤਨਾਮ ਸਿੰਘ ਵਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਸ਼ਬਦ ਸੀ ਬਾਬਾ ਫਰੀਦ ਜੀ ਦਾ "ਜੋ ਮਨਿ ਚਿਤਿਨਿ ਚੇਤੇ ਸਨਿ ਸੋ ਗਾਲੀ ਰਬ ਕੀਆਂ" ਸਮਾਪਤੀ

ਉਪਰੰਤ ਵਾਪਸੀ ਲਈ ਚਾਲੇ ਪਾਏ ਤਾਂ ਵਾਇਆ ਬਠਿੰਡਾ ਆ ਰਹੇ ਸਾਂ ਤਾਂ ਰਸਤੇ ਵਿਚ ਰਾਮਪੁਰਾ ਫੂਲ ਤੋਂ ਅੱਗੇ ਆਣ ਕੇ ਪਤਾ ਚੱਲਿਆ ਕਿ ਸੰਤ ਹਰਪਾਲ ਸਿੰਘ, ਸੁਖਦੇਵ ਸਿੰਘ ਅਤੇ ਰਛਪਾਲ ਸਿੰਘ ਦੀ ਮਾਤਾ ਬੀਬੀ ਬਲਬੀਰ ਕੌਰ ਪਤਨੀ ਸੰਤ ਕਸ਼ਮੀਰ ਸਿੰਘ ਇਕ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ ਹਨ। ਗੱਡੀ ਹਰਪਾਲ ਸਿੰਘ ਖੁਦ ਚਲਾ ਰਿਹਾ ਸੀ। ਬਰਨਾਲਾ, ਰਾਏਕੋਟ ਹੁੰਦੇ ਹੋਏ ਪਿੰਡ ਬਰਮੀ ਵਿਖੇ ਗੁਰਮੀਤ ਸਿੰਘ ਪੁੱਤਰ ਸ. ਮੋਹਨ ਸਿੰਘ ਦੇ ਮਕਾਨ ਦੀ ਨੀਂਹ ਰੱਖਣ ਦੀ ਕਿਰਪਾ ਕੀਤੀ। ਏਥੋਂ ਹੀ ਜਲ ਪਾਣੀ ਛਕਣ ਉਪਰੰਤ ਹਨੇਰਾ ਹੋਣ ਤੱਕ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਆਣ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

.........................................................

## ਬੀਬੀ ਦਤਵਿੰਦਰ ਕੌਰ ਅਕਾਲ ਚਲਾਣਾ ਕਰ ਗਏ

**21 ਨਵੰਬਰ 2025–** ਬੀਬੀ ਦਤਵਿੰਦਰ ਕੌਰ ਛਿਆਹਠ ਸਾਲ ਦੀ ਉਮਰ ਭੋਗ ਕੇ 8 ਨਵੰਬਰ ਨੂੰ ਅਕਾਲ ਚਲਾਣਾ ਕਰ ਗਏ ਹਨ। ਬੀਬੀ ਜੀ ਦਾ ਜਨਮ ਸੰਤ ਆਸਾ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਘਰ ਪਿੰਡ ਮੋਲੇਕੇ ਅੰਮ੍ਰਿਤਸਰ ਹੋਇਆ। ਟਕਸਾਲੀ ਨਾਮਧਾਰੀ ਪਰਿਵਾਰ ਵਿਚ ਜਨਮ ਹੋਣ ਕਾਰਨ ਗੁਰਮਤਿ ਰਹਿਤ ਦੀ ਸੋਝੀ ਪਰਿਵਾਰ ਤੋਂ ਹੀ ਪ੍ਰਾਪਤ ਹੋਈ। ਸੇਵਾ ਸਿਮਰਨ ਕਰਨ ਵਾਲਾ ਸੁਭਾਅ ਪਰਿਵਾਰਕ ਪਰਵਰਿਸ਼ ਦਾ ਨਤੀਜਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਬੀਬੀ ਦਾ ਅਨੰਦ ਕਾਰਜ ਸੰਤ ਮਹਿੰਦਰ ਸਿੰਘ ਦੇ ਪੁੱਤਰ ਅਮਰੀਕ ਸਿੰਘ ਪਿੰਡ ਕੱਕੜ ਨਿਵਾਸੀ ਨਾਲ 1983 ਈ. ਕੀਤਾ। ਉਸ ਸਮੇਂ ਅਮਰੀਕ ਸਿੰਘ ਬੰਗਲੌਰ ਹਜ਼ੂਰ ਸਤਿਗੁਰੂ ਜੀ ਕੋਲ ਰਹਿੰਦਾ ਸੀ। ਬੀਬੀ ਦੇ ਮਾਪਿਆਂ ਨੂੰ ਵਿਆਹ ਤੋਂ ਪਹਿਲਾਂ ਕਿਸੇ ਨੇ ਭਰਮ ਵਿਚ ਪਾ ਦਿੱਤਾ ਕਿ ਮੁੰਡੇ ਕੋਲ ਕੋਈ ਨਿਜੀ ਸੰਪਤੀ ਨਹੀਂ ਤੁਸੀਂ ਵਿਆਹ ਕਰ ਕੁੜੀ ਡੋਬ ਦੇਵੋਗੇ ਪਰ ਸਤਿਗੁਰੂ ਜਗਜੀਤ ਸਿੰਘ ਜੀ ਜ਼ੋਰ ਦੇ ਕੇ ਵਿਆਹ ਸਿਰੇ ਚਾੜਿਆ ਨਾਲ ਅਤਿਅੰਤ ਖੁਸ਼ੀਆਂ ਅਮਰੀਕ ਸਿੰਘ ਨੂੰ ਬਖ਼ਸ਼ੀਆਂ। ਦੁਨੀਆਵੀ ਧੰਨ ਪਦਾਰਥ ਦੀਆਂ ਅਪਾਰ ਬਖਸ਼ਿਸ਼ਾਂ ਕੀਤੀਆਂ। ਨਾਮਧਾਰੀ ਪੰਥ ਵਿਚ ਉਚ ਪੱਦਵੀ 'ਸੂਬਾ' ਥਾਪ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਦੁਨੀਆਵੀ ਪਹਿਚਾਣ ਦੇ ਨਾਲ-ਨਾਲ ਪੰਥਕ ਪਹਿਚਾਣ ਬਖ਼ਸ਼ੀ। ਬੀਬੀ ਦਤਵਿੰਦਰ



ਕੌਰ ਨੇ ਖੁਸ਼ਹਾਲੀ ਭਰਿਆ ਜੀਵਨ ਗੁਜਾਰਿਆ। ਆਪ ਦੇ ਦੋ ਪੁੱਤਰ ਆਸਾ ਸਿੰਘ, ਅਵਤਾਰ ਸਿੰਘ ਹਨ। 9 ਨਵੰਬਰ 2025 ਨੂੰ ਦਿਨੇ ਅਰਾਮ ਕਰਦੇ ਬੀਬੀ ਜੀ ਸਹਿਜ ਹੀ ਚੜਾਈ ਕਰ ਗਏ ਕੋਲ ਬੱਚਿਆਂ ਪਰਿਵਾਰਿਕ ਜੀਆਂ ਨੂੰ ਵੀ ਪਤਾ ਨਹੀਂ ਲੱਗਿਆ। ਜਦੋਂ ਨੀਂਦ ਤੋਂ ਉਠਾਉਣ ਲਈ ਹਿਲਾਇਆ ਤਾਂ ਪਰਿਵਾਰ ਹੱਕਾ ਬੱਕਾ ਰਹਿ ਗਿਆ। ਬੀਬੀ ਦਾ ਭੋਰ ਉਡਾਰੀ ਮਾਰ ਗਿਆ ਸੀ। ਬੀਬੀ ਜੀ ਅਕਸਰ ਆਪਣੀ ਮੌਤ ਬਾਰੇ ਗੱਲ ਕਰਦੇ ਭੈਣ-ਭਰਾਵਾਂ ਬੱਚਿਆਂ ਨੂੰ ਆਖਦੇ ਮੇਰਾ ਸਸਕਾਰ ਭੈਣੀ ਸਾਹਿਬ ਕਰਿਉ। ਇਸ ਲਈ ਬੀਬੀ ਜੀ ਦਾ ਸਸਕਾਰ ਭੈਣੀ ਸਾਹਿਬ ਕੀਤਾ ਗਿਆ। 1 ਨਵੰਬਰ 2025 ਨੂੰ ਬੀਬੀ ਜੀ ਦੇ ਨਮਿੱਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਭੋਗ ਪਾਇਆ ਗਿਆ।

**ਪ੍ਰਧਾਨ ਗੁਰਭੇਜ ਸਿੰਘ ਤਰਨ ਤਾਰਨ**

.........................................................

## ਪ੍ਰੀਤਮ ਪਿਆਰਾ

ਸਿੰਘਾਂ ਦੇ ਵਿਛੋੜੇ ਨੇ, ਘਰ ਮਾਲ ਦੇ ਰੋੜ੍ਹੇ ਨੇ,
ਉਹਨੂੰ ਥਿੜਕਾਇਆ ਨਾ, ਤੇ ਉਹ ਘਬਰਾਇਆ ਨਾ।
ਲੋਕਾਂ ਦੀ ਸੇਵਾ ਨੇ, ਬਲੀਦਾਨ ਦੇ ਨਸ਼ਿਆਂ ਨੇ,
ਵਫ਼ਾਦਾਰੀ ਸਿੰਘਾਂ ਦੀ, ਤੇ ਬੇਪ੍ਰਵਾਹੀ ਨੇ,
ਜੰਗਲਾਂ ਵਿਚ ਸੱਥਰਾਂ 'ਤੇ ਉਹਨੂੰ ਲੰਮਿਆਂ ਪਾ ਦਿੱਤਾ,
ਤੇ ਘੂਕ ਸਵਾ ਦਿੱਤਾ।
ਇਸ ਸੁੱਤੇ ਮਾਹੀ ਨੂੰ, ਆ ਨੇੜਿਓਂ ਤੱਕੀਏ ਨੀ,
ਜ਼ਰਾ ਹੌਲੀ ਤੁਰਿਆ ਜੇ, ਨੀਂਦਰ ਨਾ ਖੁਲ੍ਹ ਜਾਵੇ,
ਜ਼ਰਾ ਤੱਕੋ ਅੜੀਓ ਨੀ, ਇਨੇ ਦੁੱਖੜੇ ਝੱਲ ਕੇ ਵੀ,
ਕਿੰਨਾ ਮੁੱਖ ਸੋਂਹਦਾ ਏ, ਤੇ ਮਨ ਨੂੰ ਮੋਂਹਦਾ ਏ।
ਤਾਜਾਂ ਦਾ ਰਾਖਾ ਨੀ, ਰਾਜਾਂ ਦਾ ਮਾਲਕ ਨੀ,
ਨਾ ਲੋਭ ਜਗੀਰਾਂ ਦਾ, ਬਸ ਪਿਆਰ ਏ ਤੀਰਾਂ ਦਾ,
ਸਤਿਗੁਰ ਇਕ ਫਿਰਕੇ ਦਾ, ਏਹਨੂੰ ਆਖੋ ਅੜੀਓ ਨਾ,
ਲੋਕਾਂ ਦਾ ਵਾਰਸ ਇਹ, ਦੁਨੀਆਂ ਦਾ ਢਾਰਸ ਇਹ,
ਵਹਿਮਾਂ ਤੇ ਰਸਮਾਂ ਦਾ, ਇਹ ਖੰਡਨ ਹਾਰਾ ਏ,
ਤਾਹੀਓਂ ਤਾਂ ਹਰ ਦਿਲ ਦਾ, ਇਹ ਪ੍ਰੀਤਮ ਪਿਆਰਾ ਏ।

**ਸੰਤ ਰਾਮ ਉਦਾਸੀ**













## ਸ੍ਰੀ ਸਤਿਗੁਰੂ ਜੀ ਨੇ ਸਿੱਖ ਰਿਆਸਤ ਨਾਭਾ ਦੇ ਰਾਜ ਮਹੱਲ 'ਚ ਰਾਜਾ ਹੀਰਾ ਸਿੰਘ ਦੇ ਪਰਿਵਾਰ ਨੂੰ ਦਰਸ਼ਨ ਦਿੱਤੇ।

28.11.2025





Date of Publication: 6 December 2025
Date of Posting: 8 December 2025

RNI NO.55658/93
LDM/008/2021-2023

# ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਲਾਲ ਕਿਲ੍ਹੇ ਦਿੱਲੀ ਵਿਖੇ ਦੀਆਂ ਯਾਦਗਾਰੀ ਤਸਵੀਰਾਂ

25.11.2025





Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.